ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 17* Issue 224

Daily Newspaper Friday, November 23, 2018

Tel: 905.793.2202 | Fax: 905.793.2282 | news@punjabipost.ca


ੴ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ




ਸਤਿਗੁਰ ਨਾਨਕ ਪ੍ਰਗਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।




TRILLIUM ROADWAYS

EXCELLENCE ON ROADS UNPRECEDENTED IN SERVICE

T: 905-795-9666 | 905-629-9482

Email: info@trilliumroadways.com

Fax: 905-795-9802 www.trilliumroadways.com

# GILLZ
Sweet Factory

ਆਪ ਜੀ ਨੂੰ ਗੁਰਪੂਰਬ ਦੇ ਇਸ ਪਾਵਨ ਦਿਹਾੜੇ ਦੀ ਲੱਖ-ਲੱਖ ਵਧਾਈ ਹੋਵੇ ਜੀ।

Happy Gurpurab



1000 ਤੋਂ ਵੀ ਵੱਧ ਬੰਦਿਆਂ ਦੀ ***Catering*** ਦਾ ਪ੍ਰਬੰਧ

- ਤੁਸੀਂ ਹੋਲ ਸੇਲ ਰੇਟ ਤੇ ਤਾਜ਼ੀਆਂ ਮਿਠਾਈਆਂ ਲੈ ਸਕਦੇ ਹੋ
- ਕਿਸੇ ਵੀ ਖੁਸ਼ੀ ਦੇ ਮੌਕੇ ਲਈ ਆਰਡਰ ਤੇ ਭਾਜੀ ਤੇ ਮਿਠਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਕਿਸੇ ਵੀ ਧਾਰਮਿਕ ਸਮਾਗਮ ਲਈ ਪੂਰੀ ਸ਼ੁੱਧਤਾ ਨਾਲ ਭੋਜਨ ਤਿਆਰ ਕੀਤਾ ਜਾਂਦਾ ਹੈ
- ਤੁਸੀਂ ਤਾਜ਼ੇ ਸਮੋਸੇ ਵੀ ਲੈ ਸਕਦੇ ਹੋ




2131 Williams Pkwy,
Unit #3-6,
Brampton L6S 5Z4

Tel : 905 799 2616
www.gillzsweetfactory.com
info@gillzsweetfactory.com

# DASHMESH
## AUTO BODY SHOP & REPAIR

ਦਸ਼ਮੇਸ਼ ਆਟੋ ਵਲੋਂ ਗੁਰਪੁਰਬ ਦੀ ਲੱਖ ਲੱਖ ਵਧਾਈ

ਦਸ਼ਮੇਸ਼ ਆਟੋ ਬਾਡੀ ਸ਼ਾਪ ਅਤੇ ਰੀਪੇਅਰ

| | | | |
|---|---|---|---|
| Oil Change $19.99 | Catalytic Converter $70.99 | Car Paint $399.00 and up | Strut $109.99 and up |
| Front Brake $59.99 | Rear Brake $60.00 | Rad Flush $59.00 | Injector Flush $70.00 |
| Rust Proof $49.99 | Timing Belt $180.00 | Exhaust System $130.00 and up | A/C Charge $70.00 |



Beant S. Dhaliwal
905 459 1666
89 Stafford Drive, Brampton, Ontario

ਅਸੀਂ ਅਮੀਸ਼ਨ ਟੈਸਟ ਕਰਦੇ ਹਾਂ। ਅਸੀਂ ਨਵੇ ਟਾਇਰ ਅਤੇ ਐਕਸੀਡੈਂਟ ਕਾਰਾਂ ਦੇ ਇੰਸ਼ੋਰੈਂਸ ਕਲੇਮ ਤੇ ਪੇਂਟ ਵੀ ਕਰਦੇ ਹਾਂ।

# FREDERICK BANTING
INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8





- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




COVENTRY CAMPUS
21 Coventry Rd, Brampton, Ontario L6T 4V7
Phone: 647-407-4600
WWW.FBI.SCHOOL | INFO@FBS.SCHOOL

FREDERICK BANTING INTERNATIONAL SCHOOL

HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6





ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2





Vol 17 * Issue 224 | Daily Newspaper Friday, November 23, 2018 | Tel: 905-793-2202 Fax: 905-793-2282 news@punjabipost.ca


# ਖਾਲਸਾਈ ਜਾਹੋ ਜਹਾਲ ਨਾਲ ਸੰਪਨ ਹੋਇਆ ਸਿੱਖ ਮੋਟਰ ਸਾਈਕਲ ਦਾ ਗਾਲਾ ਡਿੰਨਰ

## ਪ੍ਰੀਮੀਅਰ ਫੋਰਡ ਦਾ ਗੋਲਡ ਮੈਡਲ ਨਾਲ ਸਨਮਾਨ

ਬਰੈਂਪਟਨ, ਪੋਸਟ ਬਿਊਰੋ: ਸਿੱਖ ਮੋਟਰ ਸਾਈਕਲ ਦਾ ਗਾਲਾ ਡਿੱਨਰ ਬੀਤੇ ਦਿਨੀਂ ਚਾਂਦਨੀ ਬੈਂਕੁਇਟ ਹਾਲ ਵਿੱਚ ਆਯੋਜਿਤ ਕੀਤਾ ਗਿਆ। ਇਸ ਸਾਲ ਇਹ ਗਾਲਾ ਡਿਨਰ ਉਂਟੇਰੀਓ ਵਿੱਚ ਦਸਤਾਰ ਦੀ ਪੂਰਨ ਮਾਨਤਾ ਲਈ ਮੋਟਰ ਸਾਈਕਲ ਚਲਾਉਣ ਵਾਸਤੇ ਹੈਲਮਟ ਪਹਿਨਣ ਤੋਂ ਛੋਟ ਦੇ ਸੰਘਰਸ਼ ਦੀ ਜਿੱਤ ਨੂੰ ਸਮ੍ਰਪਿੱਤ ਸੀ। ਸਿੱਖ ਭਾਈਚਾਰੇ ਦੇ ਉਤਸ਼ਾਹਿਤ ਮੈਂਬਰਾਂ ਨਾਲ ਖਚਾਖਚ ਭਰੇ ਕਰਾਈਸਲਰ ਡਰਾਈਵ ਉੱਤੇ ਸਥਿਤ ਚਾਂਦਨੀ ਬੈਂਕੁਇਟ ਹਾਲ ਵਿੱਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਇਸ ਗਾਲਾ ਡਿੱਨਰ ਵਿੱਚ ਸਿਆਸੀ ਸਫ਼ਾਂ ਤੋਂ ਉੱਤੇ ਉੱਠ ਕੇ ਹਰ ਪਾਰਟੀ ਦੇ ਆਗੂ ਨੇ ਹਿੱਸਾ ਲਿਆ ਅਤੇ ਉਂਟੇਰੀਓ ਵਿੱਚ ਸਿੱਖ ਭਾਈਚਾਰੇ ਦੀ ਲੰਬੇ ਚਿਰਾਂ ਤੋਂ ਚੱਲਦੀ ਆ ਰਹੀ ਦਸਤਾਰ ਪਹਿਨ ਕੇ ਮੋਟਰ ਸਾਈਕਲ ਚਲਾਉਣ ਦੀ ਮੰਗ ਦੇ ਜਸ਼ਨਾਂ ਵਿੱਚ ਹਿੱਸਾ ਲਿਆ। ਇਸ ਮੌਕੇ ਉਂਟੇਰੀਓ ਦੇ ਪ੍ਰੀਮੀਅਰ ਡੱਗ ਫੋਰਡ ਮੁੱਖ ਮਹਿਮਾਨ ਸਨ। ਸਿੱਖਾਂ ਦੀ ਦਸਤਾਰ ਨੂੰ ਬਣਦਾ ਸਨਮਾਨ ਦੇਣ ਲਈ ਟੋਰੀ ਸਰਕਾਰ ਦੇ ਉੱਦਮ ਲਈ ਧੰਨਵਾਦ ਵਜੋਂ ਡੱਗ ਫੋਰਡ ਦਾ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਆਪਣੇ ਭਾਸ਼ਣ ਵਿੱਚ ਪ੍ਰੀਮੀਅਰ ਫੋਰਡ ਨੇ ਕਿਹਾ ਕਿ ਉਂਟੇਰੀਓ ਵਿੱਚ ਸਿੱਖ ਭਾਈਚਾਰੇ ਦੀ ਵੱਡੀ ਦੇਣ ਹੈ ਜਿਸਨੂੰ ਕਦਾਚਿਤ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਹੈਲਮਟ ਤੋਂ ਛੋਟ ਦੇ ਕੇ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ ਜਿਸ ਉੱਤੇ ਉਹਨਾਂ ਨੂੰ ਮਾਣ ਹੈ। ਫੋਰਡ ਨੇ ਸਟੇਜ ਤੋਂ ਸਮੂਹ ਐਮ ਪੀ ਪੀਆਂ ਦੇ ਨਾਮ ਲੈ ਕੇ ਉਹਨਾਂ ਦੀ ਹਾਜ਼ਰੀ ਨੂੰ ਕਬੂਲ ਕੀਤਾ ਅਤੇ ਹੈਲਮਟ ਤੋਂ ਛੋਟ ਬਾਰੇ ਬਿੱਲ ਨੂੰ ਸਾਥ ਦੇਣ ਲਈ ਧੰਨਵਾਦ ਕੀਤਾ। ਇਸ ਵਿੱਚ ਐਨ ਡੀ ਪੀ ਦੇ ਐਮ ਪੀ ਪੀ ਗੁਰ-ਰਤਨ ਸਿੰਘ ਅਤੇ ਸਾਰਾਹ ਸਿੰਘ ਦੇ ਨਾਮ ਉਹਨਾਂ ਉਚੇਚੇ ਕਰਕੇ ਲਏ।

ਪ੍ਰੀਮੀਅਰ ਫੋਰਡ ਨੂੰ ਗੋਲਡ ਮੈਡਲ ਕਲੱਬ ਦੇ ਅਹੁਦੇਦਾਰਾਂ ਇੰਦਰਜੀਤ ਸਿੰਘ ਜਗਰਾਉਂ, ਰਾਮਪਾਲ ਸਿੰਘ ਢਿੱਲੋਂ, ਲਖਵਿੰਦਰ ਸਿੰਘ ਧਾਲੀਵਾਲ, ਅਤੇ ਬਲਕਰਨ ਗਿੱਲ ਨੇ ਸਾਂਝੇ ਤੋਰ ਉੱਤੇ ਅਰਪਿਤ ਕੀਤਾ।

ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਉਹ ਜਲਦੀ ਹੀ ਸਸਕੈਚਵਨ ਦੇ ਪ੍ਰੀਮੀਅਰ ਸਕਾਟ ਮੋਅ ਨੂੰ ਫੋਨ ਕਰਕੇ ਉੱਥੇ ਵੀ ਦਸਤਾਰ ਬੰਨ ਕੇ ਮੋਟਰ ਸਾਈਕਲ ਚਲਾਉਣ ਦੀ ਆਗਿਆ ਲਈ ਗੱਲ ਕਰੇਗਾ। ਇਸ ਤਰੀਕੇ ਬ੍ਰਿਟਿਸ਼ ਕੋਲੰਬੀਆ ਤੋਂ ਉਂਟੇਰੀਓ ਤੱਕ ਸਿੱਖ ਦਸਤਾਰਧਾਰੀ ਚਾਲਕ ਬਿਨਾ ਰੋਕ ਟੋਕ ਤੋਂ ਯਾਤਰਾ ਕਰ ਸੱਕਣਗੇ।

ਪ੍ਰੀਮੀਅਰ ਡੱਗ ਫੋਰਡ ਨੇ ਬਿੱਲ ਪੇਸ਼ ਕਰਨ ਵਾਲੇ ਬਰੈਂਪਟਨ ਤੋਂ ਕੰਜ਼ਰਵੇਟਿਵ ਐਮ ਪੀ ਪੀ ਪ੍ਰਭਮੀਤ ਸਿੰਘ ਸਰਕਾਰੀਆ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਇਸ ਬਿੱਲ ਨੂੰ ਪਾਸ ਕਰਨ ਲਈ ਕੀਤੀ ਸਖ਼ਤ ਮਿਹਨਤ ਲਈ ਧੰਨਵਾਦ ਕੀਤਾ। ਉਹਨਾਂ ਨੇ ਐਮ ਪੀ ਪੀ ਅਮਰਜੋਤ ਸਿੰਘ ਸੰਧੂ, ਕੰਜ਼ਰਵੇਟਿਵ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਸਿੱਖ ਮੋਟਰ ਸਾਈਕਲ ਕਲੱਬ ਵੱਲੋਂ ਪ੍ਰਭਮੀਤ ਸਿੰਘ ਸਰਕਾਰੀਆ ਦਾ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਧੰਨਵਾਦ ਕੀਤਾ ਗਿਆ। ਇਸ ਮੌਕੇ ਕੰਜ਼ਰਵੇਟਿਵ ਐਮ ਪੀ ਗਾਰਨੈੱਟ ਜੈਨਿਸ, ਲਿਬਰਲ ਐਮ ਪੀ ਰੂਬੀ ਸਹੋਤਾ, ਸੋਨੀਆ ਸਿੱਧੂ ਅਤੇ ਕਮਲ ਖੈਹਰਾ ਵੀ ਮੌਜੂਦ ਸਨ। ਇਸੇ ਤਰੀਕੇ ਮਿਉਂਸੀਪਲ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਕਾਉਂਸਲਰ ਪੈਟ ਫੋਰਟਿਨੀ ਅਤੇ ਹਰਕੀਰਤ ਸਿੰਘ ਨੇ ਵੀ ਆਪਣੀ ਹਾਜ਼ਰੀ ਲੁਆਈ।

ਇਸ ਮੌਕੇ ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਦਾ ਵੀਡੀਓ ਸੁਨੇਹਾ ਵੀ ਵਿਖਾਇਆ ਗਿਆ ਜਿਸ ਵਿੱਚ ਉਹਨਾਂ ਨੇ ਮੁਬਾਰਕਵਾਦ ਸਾਂਝੀ ਕਰਨ ਤੋਂ ਇਲਾਵਾ ਸਿੱਖ ਭਾਈਚਾਰੇ ਦੀ ਕੈਨੇਡਾ ਨੂੰ ਦੇਣ ਬਾਰੇ ਜ਼ਿਕਰ ਕੀਤਾ। ਉਹਨਾਂ ਇਹ ਵੀਡੀਓ ਸੁਨੇਹਾ ਸਿੱਖ ਮੋਟਰ ਸਾਈਕਲ ਕਲੱਬ ਦੇ ਪ੍ਰਧਾਨ ਇੰਦਰਜੀਤ ਸਿੰਘ ਜਗਰਾਉਂ ਦੇ ਘਰ ਹੋਏ ਇੱਕ ਸਮਾਗਮ ਦੌਰਾਨ ਰਿਕਾਰਡ ਕਰਵਾਇਆ ਸੀ।

ਦਸਤਾਰ ਨੂੰ ਉਂਟੇਰੀਓ ਵਿੱਚ ਮਿਲੀ ਮਾਨਤਾ ਦੀ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਬ੍ਰਿਟਿਸ਼ ਕੋਲੰਬੀਆ ਸਿੱਖ ਮੋਟਰ ਸਾਈਕਲ ਕਲੱਬ ਦੇ ਕਈ ਮੈਂਬਰ ਉਚੇਚਾ ਕਰਕੇ ਪੁੱਜੇ ਹੋਏ ਸਨ।

ਇਸ ਮੌਕੇ ਦਸਤਾਰ ਬਾਰੇ ਇੱਕ ਵੀਡੀਓ ਵਿਖਾਈ ਗਈ ਜਿਸ ਵਿੱਚ ਵਿਸ਼ਵ ਜੰਗ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੀ ਦਸਤਾਰ ਪਹਿਨਣ ਦੀ ਕਹਾਣੀ ਨੂੰ ਬਾਖੂਬੀ ਬਿਆ-'ਨਿਆ ਗਿਆ ਹੈ। ਸਮਾਗਮ ਦੌਰਾਨ ਵੱਖ 2 ਸਿੱਖ ਸਕਾਲਰਾਂ ਨੇ ਆਪਣੇ ਵਿਚਾਰ ਰੱਖੇ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਖੁਸ਼ਵੰਤ ਸਿੰਘ ਬਾਜਵਾ ਅਤੇ ਜਗਦੀਪ ਸਿੰਘ ਨੇ ਸਾਂਝੇ ਤੌਰ ਉੱਤੇ ਨਿਭਾਈ। ਬੀ ਸੀ ਮੋਟਰ ਸਾਈਕਲ ਕਲੱਬ ਦੇ ਮੈਂਬਰ ਵੀ ਸੀ।





















ਸਮੁੱਚੇ ਭਾਈਚਾਰੇ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈ

For All Your Real Estate Needs
Residential | Commercial | Industrial



Reasons To Choose Us
- Free Market Evaluation
- Free Advertisement of your property
- Attractive Listing Prices
- Open Houses

Raja Randhawa Sales Representative | Sandy Randhawa Sales Representative
Raja Randhawa: 647.391.6000 | Off: 905.488.2100 Ext. 378

ਸਤਿਗੁਰ ਨਾਨਕ ਪ੍ਰਗਿਆ ਮਿਟੀ ਧੁੰਦ ਜਗ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ

# KELLEY LAW OFFICE

AREA OF PRACTICE

- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit / Attestations



Shinder Kelley
Barrister, Solicitor & Notary Public

Ph:905.362.0755
www.kelleylawoffice.ca

1200 Derry Road East, Unit # 15, Mississauga, ON L5T 0B3

HomeLife / Miracle Realty Ltd.,
Brokerage*
Independently Owned & Operated

Happy Gurpurab

ਸਿੱਖ ਧਰਮ ਬਾਨੀ ਸ੍ਰੀ ਗੁਰੂ ਨਾਨਕ ਦੇਵ
ਜੀ ਦੇ ਆਗਮਨ ਪੁਰਬ ਦੀਆਂ ਸਮੂਹ
ਲੁਕਾਈ ਨੂੰ ਬਹੁਤ ਬਹੁਤ ਵਧਾਈਆਂ



Buying | Selling | Investing In Real Estate

- Selling your house for top Market Value
- Professional & Honest
- Excellent Negotiation skills



Harpreet Singh
Sales Representative
647.680.4686



Aman Poonia
Sales Representative
647.762.0006

Century 21
Best Sellers Ltd., Brokerage*

Commercial | Residential | Investment



ਵੱਡਾ ਪੁਰਖ ਪਰਗਟਿਆ
ਕਲਿਜੁਗ ਅੰਦਰ ਜੋਤ ਜਗਾਈ

ਸਿੱਖ ਧਰਮ ਬਾਨੀ ਸ੍ਰੀ ਗੁਰੂ ਨਾਨਕ ਦੇਵ
ਜੀ ਦੇ ਆਗਮਨ ਪੁਰਬ ਦੀਆਂ ਸਮੂਹ
ਲੁਕਾਈ ਨੂੰ ਬਹੁਤ ਬਹੁਤ ਵਧਾਈਆਂ

Dedicated to your Dreams
Directed by your Needs

E: manikhurana1@gmail.com
Ph: 905.273.5763



MANPREET (MANI)KHURANA
Broker
416.294.7000

# ਕਾਰੋਬਾਰਾਂ ਨੂੰ ਪੱਲਰਣ ਦਾ ਹਰ ਮੌਕਾ ਦੇਣਾ ਚਾਹੁੰਦੀ ਹੈ ਫੋਰਡ ਸਰਕਾਰ



ਓਨਟਾਰੀਓ, 21 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਓਨਟਾਰੀਓ ਵਿੱਚ ਕਾਰੋਬਾਰਾਂ ਦੀ ਮੁਕਾਬਲੇਬਾਜ਼ੀ ਨੂੰ ਮੁੜ ਸੁਰਜੀਤ ਕਰਨ ਲਈ ਚੁੱਕੇ ਗਏ ਮਾਪਦੰਡਾਂ ਨੂੰ ਆਧਾਰ ਬਣਾ ਕੇ ਹੀ ਫੈਡਰਲ ਸਰਕਾਰ ਵੱਲੋਂ 2018 ਦੇ ਅਖੀਰ ਵਿੱਚ ਪੇਸ਼ ਕੀਤੇ ਆਰਥਿਕ ਬਿਆਨ ਨੂੰ ਰੂਪ-ਰੰਗ ਦਿੱਤਾ ਗਿਆ ਹੈ।

2018 ਓਨਟਾਰੀਓ ਇਕਨਾਮਿਕ ਆਊਟਲੁੱਕ ਐਂਡ ਫਿਸਕਲ ਰਵਿਊ ਵਿੱਚ ਐਲਾਨ ਕੀਤੇ ਗਏ ਅਨੁਸਾਰ ਓਨਟਾਰੀਓ ਨੇ ਫੈਡਰਲ ਸਰਕਾਰ ਨੂੰ ਲਿਖਿਆ ਸੀ ਕਿ ਅਮਰੀਕਾ ਦੀ ਤਰਜ਼ ਉੱਤੇ ਬੇਕਾਰ ਸੰਪਤੀ ਨੂੰ ਫੌਰਨ ਵੇਚ ਦਿੱਤਾ ਜਾਵੇ। ਅੱਜ ਦੇ ਐਲਾਨ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਫੈਡਰਲ ਸਰਕਾਰ ਨੇ ਓਨਟਾਰੀਓ ਦੀ ਸਲਾਹ ਨੂੰ ਮੰਨਿਆ। ਇੱਥੇ ਦੱਸਣਾ ਬਣਦਾ ਹੈ ਕਿ ਪ੍ਰੋਵਿੰਸ ਵੱਲੋਂ ਓਨਟਾਰੀਓ ਦੀਆਂ ਸਨਅਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੇ ਪ੍ਰਭਾਵਾਂ ਦਾ ਲਗਾਤਾਰ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਹਾਲਾਂਕਿ ਇਹ ਬਹੁਤ ਹੀ ਨਿਰਾਸ਼ ਕਰਨ ਵਾਲੀ ਗੱਲ ਹੈ ਕਿ ਫੈਡਰਲ ਸਰਕਾਰ ਅਮਰੀਕਾ ਵਾਂਗ ਇੰਨ ਬਿੰਨ ਟੈਕਸ ਸੁਧਾਰ ਤਬਦੀਲੀਆਂ ਲਾਗੂ ਨਹੀਂ ਕਰ ਸਕਦੀ।

ਵਿੱਤ ਮੰਤਰੀ ਵਿੱਕ ਫੈਡੇਲੀ ਨੇ ਇਸ ਮੌਕੇ ਆਖਿਆ ਕਿ ਅਮਰੀਕਾ ਵਿੱਚ ਪਿੱਛੇ ਜਿਹੇ ਕੀਤੇ ਗਏ ਟੈਕਸ ਸੁਧਾਰਾਂ ਨਾਲ ਉੱਥੇ ਕਾਰੋਬਾਰਾਂ ਵਿੱਚ ਨਿਵੇਸ ਕਾਫੀ ਵਧਿਆ ਹੈ ਤੇ ਇਸ ਨਾਲ ਓਨਟਾਰੀਓ ਨੂੰ ਵੀ ਮੁਕਾਬਲੇਬਾਜੀ ਲਈ ਚੁਣੌਤੀ ਮਿਲੀ। ਕਾਰੋਬਾਰਾਂ ਲਈ ਖੁੱਲ੍ਹਾ ਮਾਹੌਲ ਤਿਆਰ ਕਰਨ ਲਈ ਟੈਕਸਾਂ ਦੀ ਵੀ ਖਾਸ ਅਹਿਮੀਅਤ ਹੈ, ਇਸੇ ਲਈ ਅਸੀਂ ਕਾਰੋਬਾਰਾਂ ਨੂੰ ਆਪਣੇ ਬੇਕਾਰ ਸੰਪਤੀ ਨੂੰ ਫੌਰਨ ਵੇਚਣ ਲਈ ਫੈਡਰਲ ਮਾਪਦੰਡ ਲਿਆ ਰਹੇ ਹਾਂ।

ਓਨਟਾਰੀਓ ਅੱਜ ਐਲਾਨੇ ਗਏ ਫੈਡਰਲ ਮਾਪਦੰਡਾਂ ਨੂੰ ਹੀ ਅਪਨਾਵੇਗਾ ਤੇ ਇਸ ਨੂੰ ਹੀ ਆਪਣੀ ਵਿੱਤੀ ਯੋਜਨਾ ਦਾ ਵੀ ਹਿੱਸਾ ਬਣਾਵੇਗਾ। ਫੈਡੇਲੀ ਨੇ ਆਖਿਆ ਕਿ ਕੈਨੇਡਾ ਵਿੱਚ ਹਜਾਰਾਂ ਨੌਕਰੀਆਂ ਅਜਿਹੀਆਂ ਹਨ ਜਿਹੜੀਆਂ ਕਾਰੋਬਾਰਾਂ ਦੇ ਮੁਕਾਬਲੇ ਵਿੱਚ ਰਹਿਣ ਨਾਲ ਹੀ ਜੁੜੀਆਂ ਹੋਈਆਂ ਹਨ। ਅਸੀਂ ਕਦੇ ਵੀ ਓਨਟਾਰੀਓ ਦੀਆਂ ਨੌਕਰੀਆਂ, ਨਿਵੇਸ ਤੇ ਵਿਕਾਸ ਦੇ ਮੌਕਿਆਂ ਨੂੰ ਖਤਰੇ ਵਿੱਚ ਨਹੀਂ ਪਾ ਸਕਦੇ। ਓਨਟਾਰੀਓ ਸਰਕਾਰ ਟੈਕਸਾਂ ਵਿੱਚ ਕਟੌਤੀ ਕਰਕੇ, ਕੈਪ ਐਂਡ ਟਰੇਡ ਨੂੰ ਖਤਮ ਕਰਕੇ, ਲਾਲ ਫੀਤਾਸਾਹੀ ਘਟਾ ਕੇ ਤੇ ਹਾਈਡਰੋ ਬਿੱਲ ਘਟਾ ਕੇ ਕਾਰੋਬਾਰਾਂ ਦਾ ਰਾਹ ਸੁਖਾਲਾ ਕਰ ਰਹੀ ਹੈ ਤਾਂ ਕਿ ਇੰਪਲਾਇਰਜ ਨੌਕਰੀਆਂ ਕਾਇਮ ਕਰ ਸਕਣ।

ਅੱਜ ਬਿੱਲ 47 ਦੇ ਪਾਸ ਹੋਣ ਨਾਲ ਸਰਕਾਰ ਰੋਜਗਾਰ ਨੂੰ ਖਤਮ ਕਰਨ ਵਾਲੀਆਂ ਕੰਮ ਵਾਲੀਆਂ ਥਾਂਵਾਂ ਨੂੰ ਮਨਸੂਖ ਕਰਨ, ਬੈਟਰ ਜੌਬਜ ਐਕਟ, 2017 (ਬਿੱਲ 148) ਲਿਆਉਣ ਤੇ ਘੱਟ ਤੋਂ ਘੱਟ ਉਜਰਤਾਂ ਘੰਟੇ ਦੀਆਂ 14 ਡਾਲਰ ਰੱਖਣ ਜਾ ਰਹੀ ਹੈ। ਇਸ ਨਾਲ 2019 ਵਿੱਚ ਇੰਪਲਾਇਰ ਦਾ ਖਰਚਾ 1.4 ਬਿਲੀਅਨ ਡਾਲਰ ਘੱਟ ਜਾਵੇਗਾ। 2022 ਤੱਕ ਓਨਟਾਰੀਓ ਲਾਲ ਫੀਤਾਸਾਹੀ ਵਿੱਚ ਕਟੌਤੀ ਕਰਨ ਲਈ ਵੀ ਕਦਮ ਚੁੱਕੇਗਾ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਸਾਬਕਾ ਸਰਕਾਰ ਵੱਲੋਂ ਓਨਟਾਰੀਓ ਦੇ ਨਿੱਕੇ ਕਾਰੋਬਾਰਾਂ ਲਈ ਐਲਾਨੀਆਂ ਕਟੌਤੀਆਂ ਦਾ ਫੈਸਲਾ ਉਲਟਾਉਣ ਦੀ ਵੀ ਪੇਸਕਸ ਕੀਤੀ ਗਈ ਹੈ ਜਿਸ ਕਾਰਨ ਟੈਕਸਾਂ ਵਿੱਚ ਹਰ ਸਾਲ 40,000 ਡਾਲਰ ਦਾ ਵਾਧਾ ਹੋ ਸਕਦਾ ਸੀ। ਇਸ ਤੋਂ ਇਲਾਵਾ ਮੌਜੂਦਾ ਸਰਕਾਰ ਵੱਲੋਂ ਕਾਰਬਨ ਟੈਕਸ ਤੋਂ ਵੀ ਖਹਿੜਾ ਛੁਡਾਇਆ ਗਿਆ ਹੈ।

# ਐਮ ਪੀ ਰਾਜ ਗਰੇਵਾਲ ਵੱਲੋਂ ਬਰੈਂਪਟਨ ਈਸਟ ਤੋਂ ਅਸਤੀਫ਼ਾ



ਬਰੈਂਪਟਨ ਪੋਸਟ ਬਿਊਰੋ: ਬਰੈਂਪਟਨ ਦੇ ਸਿਆਸੀ ਹਲਕਿਆਂ ਵਿੱਚ ਕੱਲ ਉਸ ਵੇਲੇ ਅਚਾਨਕ ਹਲਚੱਲ ਹੋ ਉੱਠੀ ਜਦੋਂ ਬਰੈਂਪਟਨ ਈਸਟ ਤੋਂ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਵੱਲੋਂ ਅਸਤੀਫ਼ਾ ਦੇਣ ਦੀ ਖ਼ਬਰ ਆਈ। ਆਪਣੀ ਰਾਈਡਿੰਗ ਦੇ ਵੋਟਰਾਂ ਨੂੰ ਇੱਕ ਸੁਨੇਹੇ ਵਿੱਚ ਰਾਜ ਗਰੇਵਾਲ ਨੇ ਕਿਹਾ ਹੈ ਕਿ ਉਹ ਨਿੱਜੀ ਅਤੇ ਸਿਹਤ ਦੇ ਮਸਲੇ ਕਾਰਨ ਅਸਤੀਫ਼ਾ ਦੇ ਰਹੇ ਹਨ। ਉਹਨਾਂ ਕਿਹਾ ਕਿ ਇਸ ਵਿਸ਼ੇ ਬਾਰੇ ਉਹ ਕਾਫੀ ਦੇਰ ਤੋਂ ਗੰਭੀਰ ਵਿਚਾਰ ਕਰਦੇ ਆ ਰਹੇ ਸਨ ਅਤੇ ਅਸਤੀਫਾ ਦੇਣ ਦਾ ਫੈਸਲਾ ਕਰਨਾ ਸੌਖਾ ਕੰਮ ਨਹੀਂ ਸੀ ਪਰ ਆਪਣੇ ਪਰਿਵਾਰ ਅਤੇ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹਾ ਕਰਨਾ ਲਾਜ਼ਮੀ ਹੋ ਗਿਆ ਸੀ।

ਰਾਜ ਗਰੇਵਾਲ ਨੇ ਆਪਣੇ ਸਮਰੱਥਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਹੈ ਕਿ ਬਰੈਂਪਟਨ ਈਸਟ ਦੀ ਉਹਨਾਂ ਦੇ ਦਿਲ ਵਿੱਚ ਹਮੇਸ਼ਾ ਖਾਸ ਥਾਂ ਰਹੇਗੀ। ਉਹਨਾਂ ਇਹ ਵੀ ਕਿਹਾ ਹੈ ਕਿ ਉਹ ਕਮਿਉਨਿਟੀ ਦੇ ਨਾਲ ਮਿਲ ਕੇ ਕੰਮ ਕਰਦੇ ਰਹਿਣਗੇ।


ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥

ਸ਼ਹੀਦ ਸ੍ਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ
ਅਤੇ ਗਦਰੀ ਲਹਿਰ ਦੇ ਸਮੂੰਹ ਯੋਧਿਆਂ ਨੂੰ ਸਮਰਪਿਤ



ਸਾਲਾਨਾ ਸਮਾਗਮ

ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ
ਗਲਿਡਨ ਰੋਡ, ਬਰੈਂਪਟਨ ਵਿਖੇ

25 ਨਵੰਬਰ ਦਿਨ ਐਤਵਾਰ

| | |
|---|---|
| ਪਾਠ ਸ੍ਰੀ ਸੁਖਮਨੀ ਸਾਹਿਬ | 10 ਵਜੇ |
| ਕੀਰਤਨ | 11 ਤੋਂ 11.45 |
| ਕਥਾ ਵਿਖਿਆਨ | 11.45 ਤੋਂ 12.30 |

ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ
ਸਿੰਘ ਨਾਮ ਸ਼ੇਰ ਦਾ, ਜੋ ਲੜੇ ਗੱਜ ਕੇ

ਦਾਸਰੇ
ਜਸਬੀਰ ਸਿੰਘ ਸਰਾਭਾ 416-843-5330
ਮਨਦੀਪ ਸਿੰਘ ਸਰਾਭਾ 647-504-4949

Komplete Print Solutions, 647-272-0450 kompleteprints@gmail.com


# ਸੇਂਟ ਮਾਈਕਲਜ਼ ਸਕੂਲ ਦੇ ਪ੍ਰਿੰਸੀਪਲ ਤੇ ਬੋਰਡ ਪ੍ਰੈਜ਼ੀਡੈਂਟ ਨੇ ਦਿੱਤਾ ਅਸਤੀਫਾ




ਟੋਰਾਂਟੋ, 22 ਨਵੰਬਰ (ਪੋਸਟ ਬਿਊਰੋ) : ਲੜਕਿਆਂ ਦੇ ਸਕੂਲ ਵਿੱਚ ਕੁੱਝ ਵਿਦਿਆਰਥੀਆਂ ਵੱਲੋਂ ਦੂਜੇ ਵਿਦਿਆਰਥੀਆਂ ਉੱਤੇ ਜਿਨਸੀ ਹਮਲੇ ਕਰਨ ਤੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤੇ ਜਾਣ ਦੇ ਲੱਗੇ ਦੋਸ਼ਾਂ ਤੇ ਅਜਿਹੇ ਮਾਮਲਿਆਂ ਨਾਲ ਸਕੂਲ ਵੱਲੋਂ ਸਹੀ ਢੰਗ ਨਾਲ ਨਾ ਨਜਿੱਠੇ ਜਾਣ ਮਗਰੋਂ ਸ਼ੁਰੂ ਹੋਈ ਪੁਲਿਸ ਜਾਂਚ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਤੇ ਬੋਰਡ ਦੇ ਪ੍ਰੈਜ਼ੀਡੈਂਟ ਨੇ ਅਸਤੀਫਾ ਦੇ ਦਿੱਤਾ।

ਸੇਂਟ ਮਾਈਕਲਜ਼ ਕਾਲਜ ਸਕੂਲ ਨੇ ਦੱਸਿਆ ਕਿ ਪ੍ਰਿੰਸੀਪਲ ਗ੍ਰੈੱਗ ਰੀਵਜ਼ ਤੇ ਬੋਰਡ ਪ੍ਰੈਜ਼ੀਡੈਂਟ ਫਾਦਰ ਜੈਫਰਸਨ ਥੌਂਪਸਨ ਵੱਲੋਂ ਇਸ ਲਈ ਅਸਤੀਫਾ ਦਿੱਤਾ ਗਿਆ ਹੈ ਤਾਂ ਕਿ ਇਹ ਰੋਮਨ ਕੈਥੋਲਿਕ ਸੰਸਥਾ ਬਿਨਾਂ ਕਿਸੇ ਅੜਿੱਕੇ ਦੇ ਅੱਗੇ ਵੱਧ ਸਕੇ। ਰੀਵਜ਼ ਦੀ ਆਲੋਚਨਾ ਇਸ ਲਈ ਹੋ ਰਹੀ ਸੀ ਕਿ ਉਸ ਨੇ ਇਸ ਕਥਿਤ ਜਿਨਸੀ ਹਮਲੇ ਬਾਰੇ ਪਿਛਲੇ ਹਫਤੇ ਪੁਲਿਸ ਨੂੰ ਤੁਰੰਤ ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਮੰਨਿਆ ਕਿ ਜਿਹੜੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਉਨ੍ਹਾਂ ਤੋਂ ਇਹੋ ਲੱਗਦਾ ਹੈ ਕਿ ਸਕੂਲ ਵਿੱਚ ਕੋਈ ਦਿੱਕਤ ਹੈ।

ਪਰ ਫਿਰ ਵੀ ਬੋਰਡ ਦੇ ਚੇਅਰ ਦਾ ਇਹੋ ਆਖਣਾ ਹੈ ਕਿ ਰੀਵਜ਼ ਤੇ ਥੌਂਪਸਨ ਦੋਵਾਂ ਨੇ ਹੀ ਹਮੇਸ਼ਾਂ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਹੈ। ਮਾਈਕਲ ਫੋਰਸੇਅਥ ਨੇ ਇੱਕ ਬਿਆਨ ਵਿੱਚ ਆਖਿਆ ਕਿ ਮੌਜੂਦਾ ਸੰਕਟ ਨਾਲ ਇਖਲਾਕੀ ਤੇ ਨੈਤਿਕ ਤੌਰ ਉੱਤੇ ਲੜਨ ਤੇ ਦੋਵਾਂ ਅਧਿਕਾਰੀਆਂ ਵੱਲੋਂ ਲਏ ਗਏ ਸਖਤ ਫੈਸਲੇ ਕਾਰਨ ਸਾਨੂੰ ਆਪਣੇ ਟੀਚਿਆਂ ਵੱਲ ਵੱਧਣ ਦਾ ਮੌਕਾ ਮਿਲੇਗਾ। ਉਨ੍ਹਾਂ ਆਖਿਆ ਕਿ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਘਟਨਾਵਾਂ ਕਿਸ ਤਰ੍ਹਾਂ ਵਾਪਰੀਆਂ, ਅਸੀਂ ਆਪਣੀ ਕਮਿਊਨਿਟੀ ਦਾ ਵਿਸ਼ਵਾਸ ਮੁੜ ਜਿੱਤਣਾ ਚਾਹੁੰਦੇ ਹਾਂ ਤੇ ਆਪਣੇ ਸਕੂਲ ਵਿੱਚ ਸੱਭਿਆਚਾਰਕ ਤਬਦੀਲੀ ਲਿਆਉਣੀ ਚਾਹੁੰਦੇ ਹਾਂ।

ਟੋਰਾਂਟੋ ਪੁਲਿਸ ਛੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਵਿੱਚ ਵਿਦਿਆਰਥੀ ਸ਼ਾਮਲ ਹਨ। ਪੁਲਿਸ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਛੇ ਟੀਨੇਜਰਜ਼ ਉੱਤੇ ਸੈਕਸ ਸਬੰਧਤ ਚਾਰਜਿਜ਼ ਲਾਏ ਗਏ। ਇਹ ਚਾਰਜਿਜ਼ ਉਸ ਘਟਨਾ ਦੇ ਸਬੰਧ ਵਿੱਚ ਲਾਏ ਗਏ ਹਨ ਜਿਸ ਵਿੱਚ ਸੇਂਟ ਮਾਈਕਲਜ਼ ਦੀ ਸਪੋਰਟਸ ਟੀਮ ਦੇ ਮੈਂਬਰ ਇੱਕ ਵਿਦਿਆਰਥੀਆਂ ਨੂੰ ਤੰਗ ਕਰ ਰਹੇ ਹਨ ਤੇ ਫਿਰ ਉਸ ਉੱਤੇ ਝਾੜੂ ਦੇ ਡੰਡੇ ਨਾਲ ਜਿਨਸੀ ਹਮਲਾ ਕੀਤਾ ਗਿਆ।

## ਟਾਈਗਰ ਫਿਲਮ ਦੀ ਵਿਸ਼ੇਸ਼ ਸਕਰੀਨਿੰਗ 25 ਨੂੰ

ਓਨਟਾਰੀਓ, 22 ਨਵੰਬਰ (ਪੋਸਟ ਬਿਊਰੋ) : ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਵੱਲੋਂ ਐਤਵਾਰ 25 ਨਵੰਬਰ ਨੂੰ ਫਿਲਮ ਟਾਈਗਰ ਦੀ ਵਿਸ਼ੇਸ਼ ਮੀਡੀਆ ਪ੍ਰੀਰਲੀਜ਼ ਲਈ ਸਾਰਿਆਂ ਨੂੰ ਸੱਦਾ ਦਿੰਦਿਆਂ ਖੁਸ਼ੀ ਹੋ ਰਹੀ ਹੈ। ਇਸ ਫਿਲਮ ਦੀ ਸਕਰੀਨਿੰਗ 1:00 ਤੋਂ 3:00 ਵਜੇ ਤੱਕ ਹੋਵੇਗੀ ਤੇ ਇਸ ਦੌਰਾਨ ਮੀਡੀਆ ਮੈਂਬਰ ਲੇਖਕਾਂ ਤੇ ਫਿਲਮ ਟਾਈਗਰ ਦੀ ਕਾਸਟ ਨਾਲ ਮੁਲਾਕਾਤ ਕਰ ਸਕਣਗੇ।

30 ਨਵੰਬਰ ਨੂੰ ਰਲੀਜ਼ ਹੋਣ ਜਾ ਰਹੀ ਐਵਾਰਡ ਜੇਤੂ ਫਿਲਮ ਦਾ ਨਿਰਦੇਸ਼ਨ ਮਸ਼ਹੂਰ ਨਿਰਦੇਸ਼ਕ ਐਲਿਸਟਰ ਗ੍ਰਾਇਰਸਨ ਵੱਲੋਂ ਦਿੱਤਾ ਗਿਆ ਹੈ। ਟਾਈਗਰ ਕੈਨੇਡੀਅਨ ਬਾਕਸਰ ਉੱਤੇ ਆਧਾਰਿਤ ਫਿਲਮ ਹੈ ਜਿਹੜਾ ਇਨਸਾਫ ਲਈ ਲੜਦਾ ਹੈ ਤੇ ਆਪਣਾ ਸਾਰਾ ਦਿਨ ਕੋਰਟ ਤੇ ਰਿੰਗ ਵਿੱਚ ਬਿਤਾਉਂਦਾ ਹੈ। ਇਹ ਫਿਲਮ ਪ੍ਰਦੀਪ ਸਿੰਘ ਨਾਗਰਾ ਦੀ ਸੱਚੀ ਕਹਾਣੀ ਉੱਤੇ ਆਧਾਰਿਤ ਹੈ।

ਇਹ ਮੂਵੀ ਮਨੋਰੰਜਨ ਦੇ ਨਾਲ ਨਾਲ ਥ੍ਰਿਲਿੰਗ ਵੀ ਹੈ। ਇਸ ਤੋਂ ਇਲਾਵਾ ਇਹ ਕਾਫੀ ਪ੍ਰੇਰਣਾਦਾਇਕ ਮੂਵੀ ਹੈ। ਹਾਲੀਵੁੱਡ ਨੌਰਥ ਮੈਗਜ਼ੀਨ ਵੱਲੋਂ ਇਸ ਮੂਵੀ ਨੂੰ 10 ਵਿੱਚ 9.5 ਅੰਕ ਦਿੱਤੇ ਗਏ ਹਨ। ਲੇਖਕ ਪ੍ਰੇਮ ਸਿੰਘ (ਜਿਨ੍ਹਾਂ ਨੇ ਫਿਲਮ ਵਿੱਚ ਪ੍ਰਦੀਪ ਸਿੰਘ ਨਾਗਰਾ) ਤੇ ਮਾਈਕਲ ਪੁਗਲੀਜ਼ (ਜਿਨ੍ਹਾਂ ਨੇ ਬ੍ਰਾਇਨ ਡੋਏਲ) ਦੀ ਭੂਮਿਕਾ ਨਿਭਾਈ ਹੈ ਖੁਦ ਪ੍ਰਦੀਪ ਸਿੰਘ ਨਾਗਰਾ ਨਾਲ ਮੀਡੀਆ ਇੰਟਰਵਿਊਜ਼ ਲਈ ਉੱਥੇ ਮੌਜੂਦ ਹੋਣਗੇ।


GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS
FISTULAS
FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

BLACK FRIDAY SALE NOV 23!



NO TERM CONTRACTS
NO CREDIT CHECKS
DATA, TALK & TEXT
$40/MO.

ZTE Z828
~~$80~~ $59.99**
**WHEN YOU ACTIVATE AN AUTO-PAY PLAN

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

## ਅੱਜ ਨਾਮਾ

ਚੜ੍ਹਿਆ ਜੰਮੂ ਕਸ਼ਮੀਰ ਵਿੱਚ ਚੰਦ ਬੇਲੀ,
ਵਿਧਾਨ ਸਭਾ ਗਈ ਕੀਤੀ ਹੈ ਭੰਗ ਬੇਲੀ।
ਸਰਕਾਰ ਟੁੱਟੀ ਤਾਂ ਲੰਘੇ ਆ ਕਈ ਹਫਤੇ,
ਆਈ ਕਿਤੋਂ ਵੀ ਕੋਈ ਨਹੀਂ ਮੰਗ ਬੇਲੀ।
ਭਾਜਪਾ ਵਾਲੇ ਸਨ ਖੇਡ ਰਹੇ ਦਾਅ ਸਿੱਧਾ,
ਹੋਰਨਾਂ ਦਲਾਂ ਨੂੰ ਮਾਰਨ ਲਈ ਡੰਗ ਬੇਲੀ।
ਜਿਹੜੇ ਆਏ ਬਈ ਓਸ ਦੀ ਮਾਰ ਅੰਦਰ,
ਉਹ ਵੀ ਵਰਤ ਗਏ ਸਾਂਝ ਦੇ ਢੰਗ ਬੇਲੀ।
ਤਿੰਨਾਂ ਦਲਾਂ ਦੀ ਬਣੀ ਜਦ ਸਾਂਝ ਸੁਣ ਲਈ,
ਅਸੈਂਬਲੀ ਭੰਗ ਕਰਵਾਈ ਫਿਰ ਭਾਜਪਾ ਨੇ।
ਲੋਕਤੰਤਰ ਦਾ ਕੀਤਾ ਪਿਆ ਕਤਲ ਉਸ ਨੇ,
ਤੋਹਮਤ ਹੋਰਾਂ ਵੱਲ ਲਾਈ ਫਿਰ ਭਾਜਪਾ ਨੇ।

**ਤੀਸ ਮਾਰ ਖਾਂ**

# ਕੈਨੇਡਾ ਪੋਸਟ ਦੀ ਹੜਤਾਲ ਖ਼ਤਮ ਕਰਨ ਲਈ ਹਾਜਦੂ ਵੱਲੋਂ ਬੈਕ ਟੂ ਵਰਕ ਬਿੱਲ ਪੇਸ਼

ਓਟਵਾ, 22 ਨਵੰਬਰ (ਪੋਸਟ ਬਿਊਰੋ) : ਸ਼ਾਪਿੰਗ ਦੇ ਲਿਹਾਜ ਨਾਲ ਸਾਲ ਦੇ ਸੱਭ ਤੋਂ ਮਸ਼ਰੂਫ ਰਹਿਣ ਵਾਲੇ ਦਿਨ ਤੋਂ 24 ਘੰਟੇ ਤੋਂ ਵੀ ਘੱਟ ਸਮਾਂ ਰਹਿੰਦਿਆਂ ਫੈਡਰਲ ਸਰਕਾਰ ਵੱਲੋਂ ਬੈਕ ਟੂ ਵਰਕ ਬਿੱਲ ਬਿੱਲ ਪੇਸ਼ ਕੀਤਾ ਗਿਆ ਹੈ ਜਿਹੜਾ ਜੇ ਇੱਕ ਵਾਰੀ ਪਾਸ ਹੋ ਗਿਆ ਤਾਂ ਕੈਨੇਡਾ ਪੋਸਟ ਦੇ ਕਾਮਿਆਂ ਨੂੰ ਕੰਮ ਉੱਤੇ ਪਰਤਣ ਲਈ ਮਜਬੂਰ ਕਰ ਦੇਵੇਗਾ।

ਲੇਬਰ ਮੰਤਰੀ ਪੈਟੀ ਹਾਜਦੂ ਵੱਲੋਂ ਵੀਰਵਾਰ ਸਵੇਰੇ ਹਾਊਸ ਆਫ ਕਾਮਨਜ਼ ਵਿੱਚ ਇਹ ਬਿੱਲ ਪੇਸ਼ ਕੀਤਾ ਗਿਆ ਤੇ ਇਸ ਦੇ ਨਾਲ ਹੀ ਹਾਊਸ ਆਫ ਕਾਮਨਜ਼ ਵਿੱਚ ਇਸ ਦੇ ਜਲਦ ਤੋਂ ਜਲਦ ਪਾਸ ਹੋਣ ਲਈ ਮਤਾ ਵੀ ਲਿਆਂਦਾ ਗਿਆ। ਕੈਨੇਡਾ ਪੋਸਟ ਦੇ ਕਰਮਚਾਰੀਆਂ ਨੂੰ ਮੁੜ ਕੰਮ ਉੱਤੇ ਭੇਜਣ




ਲਈ ਇਹ ਕਦਮ ਚੁੱਕਿਆ ਗਿਆ। ਹਾਜਦੂ ਨੇ ਆਖਿਆ ਕਿ ਉਨ੍ਹਾਂ ਦਾ ਇਰਾਦਾ ਬਿੱਲ ਸੀ-89 ਉੱਤੇ ਮੁੜ ਬਹਿਸ ਕਰਵਾਉਣਾ ਨਹੀਂ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਪੋਸਟ ਤੇ ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ ਕੋਲ ਅਜੇ ਵੀ ਥੋੜ੍ਹਾ ਜਿਹਾ ਸਮਾਂ ਹੈ ਕਿ ਉਹ ਕਿਸੇ ਨਾ ਕਿਸੇ ਡੀਲ ਉੱਤੇ ਪਹੁੰਚ ਜਾਣ।

ਇਸ ਕਦਮ ਤੋਂ ਗੁੱਸੇ ਵਿੱਚ ਆਈ ਸੀਯੂਪੀਡਬਲਿਊ ਤੇ ਕੈਨੇਡੀਅਨ ਲੇਬਰ ਕਾਂਗਰਸ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਟਰੂਡੋ ਹੁਣ ਆਪਣੇ ਅਸਲ ਰੰਗ ਵਿਖਾ ਰਹੇ ਹਨ ਤੇ ਉਹ ਵੀ ਸਾਬਕਾ ਪ੍ਰਧਾਨ ਮੰਤਰੀ ਹਾਰਪਰ ਵਾਂਗ ਵਰਕਰਾਂ ਦੇ ਵਿਰੋਧ ਵਾਲਾ ਏਜੰਡਾ ਲਿਆਉਣਾ ਚਾਹੁੰਦੇ ਹਨ। ਇਨ੍ਹਾਂ ਹਾਲਾਤ ਬਾਰੇ ਕੈਲਗਰੀ ਤੋਂ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਸਬੰਧ ਵਿੱਚ ਕਾਨੂੰਨ ਲੈ ਕੇ ਆਉਣਾ ਕੋਈ ਚੰਗਾ ਬਦਲ ਨਹੀ ਹੈ ਪਰ ਕੈਨੇਡਾ ਭਰ ਦੇ ਕਾਰੋਬਾਰੀ ਤੇ ਆਮ ਲੋਕ ਇਸ ਹੜਤਾਲ ਕਾਰਨ ਪਰੇਸ਼ਾਨ ਹੋਏ ਪਏ ਹਨ। ਅਜਿਹਾ ਇਸ ਲਈ ਵੀ ਹੈ ਕਿਉਂਕਿ ਹੁਣ ਛੁੱਟੀਆਂ ਦਾ ਸੀਜ਼ਨ ਜਲਦ ਹੀ ਸ਼ੁਰੂ ਹੋਣ ਵਾਲਾ ਹੈ। ਉਨ੍ਹਾਂ ਆਖਿਆ ਕਿ ਸਾਰੀ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ ਅਸੀਂ ਉਹੀ ਕਰ ਰਹੇ ਹਾਂ ਜਿਸ ਦੀ ਇਸ ਸਮੇਂ ਲੋੜ ਹੈ।

## ਪਾਕਿ ਵੱਲੋਂ ਕਰਤਾਰਪੁਰ ਲਾਂਘੇ ਦੀ ਪ੍ਰਵਾਨਗੀ, 28 ਨੂੰ ਇਮਰਾਨ ਖਾਨ ਨੀਂਹ ਪੱਥਰ ਰੱਖਣਗੇ

ਇਸਲਾਮਾਬਾਦ, 22 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਾ ਸਾਲ ਸ਼ੁਰੂ ਹੋਣ ਮੌਕੇ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਅਤੇ ਇਸ ਫ਼ੈਸਲੇ ਬਾਰੇ ਭਾਰਤ ਸਰਕਾਰ ਨੂੰ ਸੁਨੇਹਾ ਭੇਜ ਦਿੱਤਾ ਗਿਆ ਹੈ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵੱਲੋਂ ਕੀਤੇ ਇਸ ਐਲਾਨ ਨਾਲ ਦੋਵੇਂ ਦੇਸ਼ਾਂ ਵਿਚਾਲੇ ਤਣਾਅ ਘਟਾਉਣ ’ਚ ਮਦਦ ਮਿਲ ਸਕਦੀ ਹੈ।

ਅੱਜ ਇਸ ਬਾਰੇ ਪਾਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਟਵੀਟ ਕੀਤਾ ਹੈ ਕਿ ‘ਪ੍ਰਧਾਨ ਮੰਤਰੀ ਇਮਰਾਨ ਖ਼ਾਨ ਕਰਤਾਰਪੁਰ ਵਿੱਚ 28 ਨਵੰਬਰ ਨੂੰ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਣਗੇ। ਅਸੀਂ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ ਮੌਕੇ ਸਿੱਖ ਸੰਗਤ ਦਾ ਸਵਾਗਤ ਕਰਾਂਗੇ।’ ਭਾਰਤ ਦੀ ਸਰਕਾਰ ਵੱਲੋਂ ਗੁਰਦੁਆਰਾ ਕਰਤਾਰ-ਪੁਰ ਸਾਹਿਬ ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ ਲਈ ਲਾਂਘਾ ਬਣਾਏ ਜਾਣ ਦੀ ਬੇਨਤੀ ਕਰਨ ਦੇ ਕੁਝ ਘੰਟੇ ਪਿੱਛੋਂ ਕੁਰੈਸ਼ੀ ਨੇ ਇਹ ਬਿਆਨ ਦਿੱਤਾ ਹੈ। ਇਸ ਤੋਂ ਪਹਿਲਾਂ ਦਿੱਲੀ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਵਾਲੇ ਲਾਂਘੇ ਲਈ ਭਾਰਤ ਨੇ ਪਾਕਿਸਤਾਨ ਸਰਕਾਰ ਕੋਲ ਪਹੁੰਚ ਕੀਤੀ ਹੈ। ਇਸ ਦੇ ਜਵਾਬ ਵਿੱਚ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਮੁਹੰਮਦ ਫ਼ੈਸਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਹਿਲਾਂ ਵੀ ਕਰਤਾਰਪੁਰ ਸਾਹਿਬ ਸਮੇਤ ਸਭ ਮੁੱਦਿਆਂ ’ਤੇ ਵਾਰਤਾ ਦੀ ਤਜਵੀਜ਼ ਦਿੱਤੀ ਸੀ, ਪਰ ਭਾਰਤ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ।

## ਭੋਜਨ ਵਿੱਚ ਈ.ਕੋਲੀ ਬੈਕਟੀਰੀਆ ਦਾ ਪਤਾ ਲਾਉਣ ਲਈ ਨਵੀਂ ਕਿੱਟ ਕੀਤੀ ਇਜਾਦ



ਓਨਟਾਰੀਓ,22 ਨਵੰਬਰ (ਪੋਸਟ ਬਿਊਰੋ) :ਓਨਟਾਰੀਓ ਦੀ ਇੱਕ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ ਅਜਿਹਾ ਟੈਸਅ ਇਜਾਦ ਕੀਤਾ ਹੈ ਜਿਹੜਾ ਮੌਜੂਦਾ ਵਿਧੀਆਂ ਨਾਲੋਂ ਕਿਤੇ ਜਲਦੀ ਈ.ਕੋਲੀ ਬੈਕਟੀਰੀਆ ਦਾ ਪਤਾ ਲਾ ਲਵੇਗਾ।

ਵੈਸਟਰਨ ਯੂਨੀਵਰਸਿਟੀ ਦੀ ਟੀਮ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਟੈਸਟਿੰਗ ਕਿੱਟ ਸੁਖਾਲੇ ਢੰਗ ਨਾਲ ਕੁੱਝ ਦਿਨਾਂ ਜਾਂ ਹਫਤਿਆਂ ਵਿੱਚ ਨਹੀਂ ਸਗੋਂ ਕੁੱਝ ਘੰਟਿਆਂ ਵਿੱਚ ਇਹ ਦਰਸਾ ਦੇਵੇਗੀ ਕਿ ਭੋਜਨ ਵਿੱਚ ਕਿਤੇ ਈ.ਕੋਲੀ 0157 ਬੈਕਟੀਰੀਆ ਤਾਂ ਮੌਜੂਦ ਨਹੀਂ ਹੈ। ਜਿਹੜੇ ਭੋਜਨ ਦੇ ਸੈਂਪਲਾਂ ਦੀ ਜਾਂਚ ਕੀਤੀ ਜਾਣੀ ਹੁੰਦੀ ਹੈ ਉਨ੍ਹਾਂ ਨੂੰ ਕੁੱਝ ਘੰਟਿਆਂ ਲਈ ਇੰਕਿਊਬੇਟ ਕੀਤਾ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਪ੍ਰੈਗਨੈਂਸੀ ਦੀ ਜਾਂਚ ਲਈ ਵਰਤੇ ਜਾਣ ਵਰਗੇ ਪੈਡਜ਼ ਉੱਤੇ ਰੱਖਿਆ ਜਾਂਦਾ ਹੈ। 15 ਮਿੰਟ ਬਾਅਦ ਹੀ ਪੈਡ ਉੱਤੇ ਲਾਲ ਰੰਗ ਦੀ ਇੱਕ ਧਾਰੀ ਪੈ ਜਾਂਦੀ ਹੈ ਜਿਸ ਨਾਲ ਇਹ ਪਤਾ ਲੱਗਦਾ ਹੈ ਕਿ ਉਹ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ। ਦੂਜੀ ਲਾਈਨ ਤਾਂ ਪੈਂਦੀ ਹੈ ਜੇ ਸੈਂਪਲ ਵਿੱਚ ਈ.ਕੋਲੀ 0157 ਬੈਕਟੀਰੀਆ ਹੋਵੇ।

0157 ਬੈਕਟੀਰੀਆ, ਜੋ ਕਿ ਗ੍ਰਾਊਂਡ ਮੀਟ ਵਿੱਚ ਪਾਇਆ ਜਾਂਦਾ ਹੈ, ਈ.ਕੋਲੀ ਦੀਆਂ ਹੋਰਨਾਂ ਕਿਸਮਾਂ ਨਾਲੋਂ ਵਧੇਰੇ ਖਤਰਨਾਕ ਬਿਮਾਰੀ ਫੈਲਾ ਸਕਦਾ ਹੈ। ਈ.ਕੋਲੀ 0157 ਦੇ ਔਸਤਨ 440 ਕੇਸ ਹਰ ਸਾਲ ਕੈਨੇਡਾ ਵਿੱਚ ਰਿਪੋਰਟ ਕੀਤੇ ਜਾਂਦੇ ਹਨ। ਵੈਸਟਰਨ ਯੂਨੀਵਰਸਿਟੀ ਦੇ ਡਾ. ਮਾਈਕਲ ਰੇਡਰ ਤੇ ਉਨ੍ਹਾਂ ਦੀ ਟੀਮ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਿੱਟ ਈ.ਕੋਲੀ 0157 ਮੌਜੂਦਾ ਤਕਨਾਲੋਜੀ ਨਾਲੋਂ ਇਸ ਨਵੀਂ ਜਾਂਚ ਪ੍ਰਕਿਰਿਆ ਨੂੰ ਸਸਤਾ ਬਣਾਵੇਗੀ। ਇਸ ਕਿੱਟ ਨੂੰ ਹੈਲਥ ਕੈਨੇਡਾ ਵੱਲੋਂ ਵੀ ਹਰੀ ਝੰਡੀ ਮਿਲ ਚੁੱਕੀ ਹੈ ਤੇ ਇਸ ਨੂੰ ਫੂਡ ਇੰਡਸਟਰੀ ਦੀ ਮਦਦ ਨਾਲ ਵਿਕਸਤ ਕੀਤਾ ਜਾਵੇਗਾ। ਇਹ ਕਿੱਟ ਜਲਦੀ ਹੀ ਕੈਨੇਡਾ ਤੇ ਅਮਰੀਕਾ ਦੀਆਂ ਕੁੱਝ ਫੂਡ ਪ੍ਰੋਸੈਸਿੰਗ ਫੈਸਿਲੀਟੀਜ਼ ਵਿੱਚ ਵਰਤੀ ਜਾਣ ਲੱਗੇਗੀ।

## ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਮਨਜ਼ੂਰੀ ਦਾ ਤੋਹਫ਼ਾ

### * ਭਾਰਤ ਸਰਕਾਰ ਵੱਲੋਂ ਲਾਂਘੇ ਨੂੰ ਪ੍ਰਵਾਨਗੀ, ਪਾਕਿ ਨੇ ਵੀ ਹਾਮੀ ਭਰੀ

ਨਵੀਂ ਦਿੱਲੀ, 22 ਨਵੰਬਰ, (ਪੋਸਟ ਬਿਊਰੋ)- ਸਿੱਖੀ ਦਾ ਬੂਟਾ ਲਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਾਕਿਸਤਾਨ ਵਿਚਲੇ ਕਰਤਾਰਪੁਰ ਵਿਚ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਸਰਕਾਰ ਜ਼ਿਲ੍ਹਾ ਗੁਰਦਾ-ਸਪੁਰ ਦੇ ਕਸਬਾ ਡੇਰਾ ਬਾਬਾ ਨਾਨਕ ਤੋਂ ਅੰਤਰਰਾਸ਼ਟਰੀ ਸਰਹੱਦ ਤੱਕ ਲਾਂਘਾ ਬਣਾਵੇਗੀ ਤੇ ਵਿਕਸਤ ਕਰੇਗੀ। ਇਹ ਐਲਾਨ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵੇਂ ਪ੍ਰਕਾਸ਼ ਪੁਰਬ ਮਨਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਕੈਬਨਿਟ ਦੀ ਅੱਜ ਦੀ ਮੀਟਿੰਗ ਨੇ ਇਹ ਫੈਸਲਾ ਲਿਆ ਹੈ। ਇਸ ਮੌਕੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪਾਕਿ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਵੀ ਸਰਹੱਦ ਤੋਂ ਕਰਤਾਰਪੁਰ ਗੁਰਦੁਆਰਾ ਸਾਹਿਬ ਤੱਕ ਲਾਂਘਾ ਬਣਾਵੇ ਤਾਂ ਜੋ ਭਾਰਤ ਤੋਂ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਸਹੂਲਤ ਮਿਲ ਸਕੇ।



ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅੱਜ ਦੀ ਕੈਬਨਿਟ ਮੀਟਿੰਗ ਦੇ ਫੈਸਲਿਆਂ ਦੇ ਵੇਰਵੇ ਦੇਂਦੇ ਹੋਏ ਕਿਹਾ ਕਿ ਸੁਲਤਾਨਪੁਰ ਲੋਧੀ ਨੂੰ ਕੇਂਦਰ ਸਰਕਾਰ ਸਮਾਰਟ ਸਿਟੀ ਵਜੋਂ ਵਿਕਸਤ ਕਰੇਗੀ। ਇੱਥੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਤਸਵੀਰ ਤੋਂ ਸ਼ਰਧਾਲੂਆਂ ਨੂੰ ਜਾਣੂ ਕਰਾਉਣ ਵਾਸਤੇ ‘ਪਿੰਡ ਬਾਬੇ ਨਾਨਕ ਦਾ’ ਉਸਾਰਿਆ ਜਾਵੇਗਾ। ਇਸ ਦੇ ਨਾਲ ਹੀ ਸੁਲਤਾਨਪੁਰ ਲੋਧੀ ਦਾ ਰੇਲਵੇ ਸਟੇਸ਼ਨ ਵੀ ਵਿਕਸਤ ਕੀਤਾ ਜਾਵੇਗਾ ਅਤੇ ਰੇਲ ਮੰਤਰਾਲਾ ਨਾਨਕ ਦੇਵ ਜੀ ਨਾਲ ਸਬੰਧਤ ਸਥਾਨਾਂ ਲਈ ਵਿਸ਼ੇਸ਼ ਰੇਲ ਗੱਡੀ ਵੀ ਚਲਾਵੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸਰਬ ਧਰਮ ਕੇਂਦਰ ਬਣਾਇਆ ਜਾਵੇਗਾ ਅਤੇ ਕੈਨੇਡਾ ਅਤੇ ਬ੍ਰਿਟੇਨ ਵਿੱਚ ਇਕ ਇਕ ਯੂਨੀਵਰਸਿਟੀ ਵਿਚ ਗੁਰੂ ਨਾਨਕ ਦੇਵ ਚੇਅਰ ਚਲਾਈ ਜਾਵੇਗੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵਲੋਂ ਸਿੱਕੇ ਤੇ ਮੋਹਰਾਂ ਜਾਰੀ ਹੋਣਗੀਆਂ ਤੇ ਦੇਸ਼ ਭਰ ਵਿੱਚ ਸਮਾਗਮ ਕੀਤੇ ਜਾਣਗੇ ਤੇ ਦੂਰਦਰਸ਼ਨ ਉੱਤੇ ਗੁਰੂ ਨਾਨਕ ਦੇਵ ਜੀ ਤੇ ਗੁਰਬਾਣੀ ਬਾਰੇ ਵਿਸ਼ੇਸ਼ ਪ੍ਰੋਗਰਾਮ ਹੋਣਗੇ। ਨਵੀਂ ਦਿੱਲੀ ਵਿਚ ਗੁਰੂ ਨਾਨਕ ਦੇਵ ਦੇ ਜੀਵਨ ਤੇ ਸਿੱਖਿਆਵਾਂ ਉੱਤੇ ਅੰਤਰਾਰਸ਼ਟਰੀ ਸੈਮੀਨਾਰ ਤੋਂ ਇਲਾਵਾ ਰਾਜਾਂ ਨੂੰ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਢੁਕਵੇਂ ਸਮਾਗਮ ਕਰਾਉਣ ਨੂੰ ਕਿਹਾ ਗਿਆ ਹੈ। ਵਿਦੇਸ਼ਾਂ ਵਿਚ ਭਾਰਤੀ ਦੂਤਘਰ ਗੁਰੂ ਜੀ ਬਾਰੇ ਵਿਸ਼ੇਸ਼ ਸਮਾਗਮ ਕਰਾਉਣਗੇ ਅਤੇ ਗੁਰੂ ਜੀ ਦੀ ਬਾਣੀ ਨੂੰ ਦੁਨੀਆਂ ਦੀਆਂ ਸਭ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਨ ਲਈ ਯੂਨੈਸਕੋ ਨੂੰ ਅਪੀਲ ਕੀਤੀ ਗਈ ਹੈ। ਨੈਸ਼ਨਲ ਬੁੱਕ ਟਰੱਸਟ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਗੁਰੂ ਜੀ ਦੀਆਂ ਸਿੱਖਿਆਵਾਂ ਛਾਪੇਗਾ। ਗ੍ਰਹਿ ਮੰਤਰੀ ਦੀ ਅਗਵਾਈ ਵਿਚ ਉੱਚ ਤਾਕਤੀ ਕਮੇਟੀ ਇਨ੍ਹਾਂ ਪ੍ਰੋਗਰਾਮਾਂ ਦੀ ਨਿਗਰਾਨੀ ਕਰੇਗੀ। ਮਿਥੇ ਪ੍ਰੋਗਰਾਮ ਅਨੁਸਾਰ ਰਾਸ਼ਟਰਪਤੀ ਰਾਮ ਨਾਥ ਕੋਵਿੰਦ 26 ਨਵੰਬਰ ਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਵਿਖੇ ਕਰਤਾਰ-ਪੁਰ ਸਾਹਿਬ ਦੇ ਲਾਂਘੇ ਦਾ ਨੀਂਹ ਪੱਥਰ ਰੱਖਣਗੇ। ਏਥੋਂ ਕਰਤਾਰਪੁਰ ਤਕਰੀਬਨ ਚਾਰ ਕਿਲੋਮੀਟਰ ਦੂਰ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਜ਼ਰ ਰਹਿਣਗੇ। ਸਮਾਗਮ ਲਈ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਤਿਆਰੀਆਂ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਾਕਿ-ਸਤਾਨ ਵਾਲੇ ਪਾਸੇ 28 ਨਵੰਬਰ ਨੂੰ ਲਾਂਘੇ ਦਾ ਨੀਂਹ ਪੱਥਰ ਰੱਖਣਾ ਹੈ।

ਭਾਰਤ ਸਰਕਾਰ ਦੇ ਸੂਤਰਾਂ ਨੇ ਕਿਹਾ ਕਿ ਸਰਕਾਰ ਇਸ ਲਾਂਘੇ ਲਈ ਪਿਛਲੇ 20 ਸਾਲਾਂ ਤੋਂ ਯਤਨ ਕਰ ਰਹੀ ਸੀ। ਪੰਜਾਬ ਦੇ ਜ਼ਿਲ੍ਹਾ ਨਾਰੋਵਾਲ ਵਿਚਲੇ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਅੰਤਿਮ ਸਮਾਂ ਬਤੀਤ ਕੀਤਾ ਸੀ। ਸਿੱਖ ਸ਼ਰਧਾਲੂ ਕਰਤਾਰਪੁਰ ਤੱਕ ਲਾਂਘੇ ਲਈ ਲੰਬੇ ਸਮੇਂ ਤੋਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਬੇਨਤੀ ਕਰ ਰਹੇ ਹਨ ਅਤੇ ਡੇਰਾ ਬਾਬਾ ਨਾਨਕ ਤੋਂ ਇਸ ਮੰਗ ਲਈ ਅਰਦਾਸ ਕਰਦੇ ਰਹੇ ਹਨ। ਸਰਕਾਰ ਨੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਕਾਰਨ ਡੇਰਾ ਬਾਬਾ ਨਾਨਕ ਸਰਹੱਦ ਤੋਂ ਦੂਰਬੀਨ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਪ੍ਰਬੰਧ ਕੀਤਾ ਹੋਇਆ ਹੈ।

ਇਸੇ ਦੌਰਾਨ ਭਾਰਤ ਸਰਕਾਰ ਦੇ ਸੂਤਰਾਂ ਨੇ ਇਸ ਚਰਚਾ ਦਾ ਬੁਰਾ ਮਨਾਇਆ ਹੈ ਕਿ ਭਾਰਤ ਸਰਕਾਰ ਦਾ ਲਾਂਘੇ ਬਾਰੇ ਫੈਸਲਾ ਪਾਕਿਸਤਾਨ ਵੱਲੋਂ ਪੇਸ਼ ਕੀਤੀ ਤਜਵੀਜ਼ ਦੇ ਬਾਅਦ ਆਇਆ ਹੈ। ਸੂਤਰਾਂ ਅਨੁਸਾਰ ਭਾਰਤ ਨੇ ਵੀਹ ਸਾਲ ਪਹਿਲਾਂ ਪਾਕਿਸਤਾਨ ਅੱਗੇ ਤਜਵੀਜ਼ ਪੇਸ਼ ਕੀਤੀ ਸੀ ਤੇ ਪਾਕਿਸਤਾਨ ਨੇ ਹੁੰਗਾਰਾ ਨਹੀਂ ਭਰਿਆ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਕਾਲੇ ਪਾਣੀ ਦੇ ਸ਼ੋਅ ਵਿੱਚ ਪੰਜਾਬੀ ਦੇਸ਼ਭਗਤਾਂ ਨਾਲ ਵਿਤਕਰੇ ਤੋਂ ਪੰਜਾਬ ਦਾ ਮੰਤਰੀ ਨਾਰਾਜ਼

## * ਰੋਸ ਵਜੋਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਚਿੱਠੀ ਲਿਖੀ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਜੇਲ੍ਹਾਂ ਅਤੇ ਕੋਆਪਰੇਟਿਵ ਵਿਭਾਗ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੋਰਟ ਬਲੇਅਰ (ਅੰਡੇਮਾਨ) ਦੀ ਸੈਲੂਲਰ ਜੇਲ੍ਹ ਦੇ ਅਜਾਇਬਘਰ ਵਿੱਚ ਕਾਲੇ ਪਾਣੀ ਬਾਰੇ ਵਿਖਾਈਆਂ ਜਾਣ ਵਾਲੀਆਂ ਗਾਥਾਵਾਂ ਵਿੱਚ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੇ ਯੋਗਦਾਨ ਨੂੰ ਸਨਮਾਨ ਯੋਗ ਸਥਾਨ ਦੇਣ ਦੀ ਮੰਗ ਕੀਤੀ ਅਤੇ ਉਨ੍ਹਾਂ ਨਾਲ ਵਿਤਕਰਾ ਕੀਤੇ ਜਾਣ ਦੇ ਵਿਰੁੱਧ ਰੋਸ ਪ੍ਰਗਟਾਇਆ ਹੈ।



ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਲਿਖੇ ਪੱਤਰ ਵਿੱਚ ਪੰਜਾਬ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਗੱਲ ਉੱਤੇ ਅਫਸੋਸ ਅਤੇ ਨਾਰਾਜ਼ਗੀ ਪ੍ਰਗਟ ਕੀਤੀ ਕਿ ਸੈਲੂਲਰ ਜੇਲ੍ਹ ਦੇ ਅਜਾਇਬਘਰ ਵਿੱਚ ਹਰ ਸ਼ਾਮ ਹੋਣ ਵਾਲੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਆਜ਼ਾਦੀ ਸੰਘਰਸ਼ ਨੂੰ ਪੇਸ਼ ਕਰਦੇ ਪ੍ਰੋਗਰਾਮ ਵਿੱਚ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਮੰਤਰੀ ਨੇ ਹਿੰਦੂਤਵ ਵਿਚਾਰਧਾਰਾ ਦੇ ਹਾਮੀ ਵੀਰ ਸਾਵਰਕਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਇਹ ਮੁੱਦਾ ਸਿਰਫ ਪੰਜਾਬ ਜਾਂ ਪੰਜਾਬੀਆਂ ਦੇ ਯੋਗਦਾਨ ਨਾਲ ਸੰਬੰਧਤ ਨਹੀਂ, ਸਮੁੱਚੇ ਭਾਰਤ ਨਾਲ ਸੰਬੰਧਤ ਹੈ ਅਤੇ ਤੋੜੇ-ਮਰੋੜੇ ਇਤਿਹਾਸ ਵਿੱਚ ਹਰ ਤਰ੍ਹਾਂ ਸੋਧ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਬ੍ਰਿਟਿਸ਼ ਸਾਮਰਾਜ ਤੋਂ ਕਿਸੇ ਕਿਸਮ ਦੀ ਮੁਆਫੀ ਜਾਂ ਰਿਆਇਤ ਲੈਣ ਦੀ ਥਾਂ ਤਸੀਹੇ ਕਬੂਲਣ ਵਾਲੇ ਯੋਧਿਆਂ ਦੇ ਮੁਕਾਬਲੇ ਅੰਗਰੇਜ਼ਾਂ ਤੋਂ ਲਿਖਤੀ ਮੁਆਫੀ ਮੰਗਣ ਵਾਲਿਆਂ ਤੇ ਬ੍ਰਿਟਿਸ਼ ਤਖਤ ਦੀ ਵਫਾਦਾਰੀ ਦੀ ਸਹੁੰ ਚੁੱਕਣ ਵਾਲਿਆਂ ਵੀਰ ਸਾਵਰਕਰ ਵਰਗਿਆਂ ਨੂੰ ਪਹਿਲ ਦਿੱਤੀ ਗਈ ਹੈ। ਰੰਧਾਵਾ ਨੇ ਮੰਗ ਕੀਤੀ ਕਿ ਅੰਡੇਮਾਨ ਜੇਲ੍ਹ (ਕਾਲੇ ਪਾਣੀ) ਵਿੱਚ ਨਜ਼ਰਬੰਦ ਰਹੇ ਪੰਜਾਬੀ ਦੇਸ਼ਭਗਤਾਂ ਦੇ ਨਾਂਅ ਤਸਵੀਰਾਂ ਸਮੇਤ ਦਿਖਾਏ ਜਾਣ। ਉਨ੍ਹਾਂ ਕਿਹਾ ਕਿ ਆਜ਼ਾਦੀ ਸੰਘਰਸ਼ ਵਿੱਚ ਕਾਲਾ ਪਾਣੀ ਨਾਲ ਸੰਬੰਧਤ ਪੰਜਾਬੀਆਂ ਦੇ ਵੱਡਮੁੱਲੇ ਯੋਗਦਾਨ ਨੂੰ ਉਜਾਗਰ ਕਰਦੇ ਇਤਿਹਾਸ ਨੂੰ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਦਰਸਾਉਂਦੇ ਵਿਸ਼ੇਸ਼ ਪ੍ਰੋਗਰਾਮ ਨੂੰ ਪੜਚੋਲਣ ਦੀ ਲੋੜ ਹੈ।

# ਕਾਂਗਰਸੀ ਮੰਤਰੀ ਸਿੰਗਲਾ ਤੇ ਅਕਾਲੀ ਨੇਤਾ ਸੀਬੀਆ ਨੂੰ ਛੇ ਮਹੀਨੇ ਨੇਕ-ਚਲਨੀ ਦੀ ਸਜ਼ਾ

ਸੰਗਰੂਰ, 22 ਨਵੰਬਰ (ਪੋਸਟ ਬਿਊਰੋ)- ਰੇਲ ਗੱਡੀ ਨੂੰ ਰੋਕਣ ਦੇ ਕੇਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਅਤੇ ਓਦੋਂ ਦੇ ਕਾਂਗਰਸੀ ਅਤੇ ਅੱਜਕੱਲ੍ਹ ਦੇ ਅਕਾਲੀ ਨੇਤਾ ਸੁਰਿੰਦਰਪਾਲ ਸਿੰਘ ਸੀਬੀਆ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਛੇ ਮਹੀਨੇ ਚੰਗਾ ਵਤੀਰਾ ਕਰਨ ਦੀ ਸਜ਼ਾ ਦਿੱਤੀ ਹੈ। ਇਸ ਸਮੇਂ ਦੌਰਾਨ ਉਹ ਕਾਨੂੰਨ ਦੀ ਉਲੰਘਣਾ ਨਹੀਂ ਕਰਨਗੇ, ਜੇ ਕੀਤੀ ਤਾਂ ਇਸ ਮਾਮਲੇ ਨੂੰ ਨਾਲ ਜੋੜਿਆ ਜਾਵੇਗਾ।

ਵਰਨਣ ਯੋਗ ਹੈ ਕਿ ਸਿੰਗਲਾ ਅਤੇ ਸੀਬੀਆ ਦੇ ਖਿਲਾਫ ਪੰਜ ਮਈ 2015 ਨੂੰ ਰੇਲਵੇ ਪੁਲਸ ਨੇ ਰੇਲਵੇ ਐਕਟ ਦਾ ਕੇਸ ਮਾਮਲਾ ਦਰਜ ਕੀਤਾ ਸੀ। ਕੱਲ੍ਹ ਮੰਤਰੀ ਸਿੰਗਲਾ ਅਤੇ ਸੀਬੀਆ ਅਦਾਲਤ ਵਿੱਚ ਪੇਸ਼ ਹੋਏ। ਇਸ ਕੇਸ ਦੇ ਅਨੁਸਾਰ ਦੋ ਮਈ 2015 ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਬੁਲਾਰੇ ਅਤੇ ਸਾਬਕਾ



ਪਾਰਲੀਮੈਂਟ ਮੈਂਬਰ ਵਿਜੇਇੰਦਰ ਸਿੰਗਲਾ ਅਤੇ ਓਦੋਂ ਦੇ ਪੰਜਾਬ ਕਾਂਗਰਸ ਦੇ ਉਪ ਪ੍ਰਧਾਨ ਸੁਰਿੰ-ਦਰਪਾਲ ਸਿੰਘ ਸੀਬੀਆ ਦੀ ਅਗਵਾਈ ਵਿੱਚ ਕਾਂਗਰਸੀ ਵਰਕਰਾਂ ਨੇ ਰੇਲ ਟਰੈਕ ਉੱਤੇ ਧਰਨਾ ਦੇ ਕੇ ਸ਼ਤਾਬਦੀ ਐਕਸਪ੍ਰੈਸ ਨੂੰ ਰੋਕਿਆ ਸੀ। ਇਹ ਧਰਨਾ ਅਨਾਜ ਮੰਡੀਆਂ ਵਿੱਚ ਮਾੜੇ ਖਰੀਦ ਪ੍ਰਬੰਧ, ਅਦਾਇਗੀ ਨਾ ਹੋਣ ਅਤੇ ਮੋਗਾ ਵਿੱਚ ਬਾਦਲ ਪਰਵਾਰ ਦੀ ਟਰਾਂਸਪੋਰਟ ਕੰਪਨੀ ਦੀ ਬਸ ਵਿੱਚੋਂ ਡਿੱਗਣ ਕਾਰਨ ਇੱਕ ਲੜਕੀ ਦੀ ਮੌਤ ਦੇ ਖਿਲਾਫ ਦਿੱਤਾ ਗਿਆ ਸੀ। ਧਰਨੇ ਦੌਰਾਨ ਪੁਲਸ ਨੇ ਕਾਂਗਰਸੀ ਵਰਕਰਾਂ ਨੂੰ ਟਰੇਨ ਦੇ ਅੱਗਿਉਂ ਹਟਣ ਦੀ ਅਪੀਲ ਕੀਤੀ, ਪਰ ਉਹ ਨਹੀਂ ਮੰਨੇ। ਇਸ 'ਤੇ ਪੁਲਸ ਨੇ ਵਿਜੇਇੰਦਰ ਸਿੰਗਲਾ ਅਤੇ ਸੁਰਿੰ-ਦਰਪਾਲ ਸੀਬੀਆ ਨੂੰ ਹਿਰਾਸਤ ਵਿੱਚ ਲੈ ਕੇ ਕੇਸ ਦਰਜ ਕੀਤਾ ਸੀ, ਪਰ ਦੋਵਾਂ ਨੂੰ ਤੁਰੰਤ ਜ਼ਮਾਨਤ ਮਿਲ ਗਈ ਸੀ।

ਕੱਲ੍ਹ ਇਸ ਬਾਰੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਦੇਸ਼ ਦੇ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ। ਅਦਾਲਤ ਵੱਲੋਂ ਛੇ ਮਹੀਨੇ ਨੇਕ-ਚਲਨੀ ਵਾਲੇ ਹੁਕਮ ਨੂੰ ਉਹ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ।

## ਟਾਇਰ ਬਦਲ ਰਹੇ ਤਿੰਨ ਲੋਕਾਂ ਉਤੇ ਬੋਲੈਰੋ ਜਾ ਚੜ੍ਹੀ, ਦੋ ਦੀ ਮੌਤ




ਖੰਨਾ, 22 ਨਵੰਬਰ (ਪੋਸਟ ਬਿਊਰੋ)- ਪਿੰਡ ਲਿਬੜਾ ਕੋਲ ਖੜੇ ਟਿੱਪਰ ਨੂੰ ਤੇਜ਼ ਰਫਤਾਰ ਬੋਲੈਰੋ ਗੱਡੀ ਜਾ ਵੱਜੀ। ਹਾਦਸੇ 'ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਪਹਿਲਾ ਖੰਨਾ ਸਿਵਲ ਹਸਪਤਾਲ ਲਿਆਂਦਾ ਗਿਆ, ਪਰ ਹਾਲਤ ਗੰਭੀਰ ਹੋਣ ਕਾਰਨ ਲੁਧਿਆਣੇ ਭੇਜ ਦਿੱਤਾ ਗਿਆ। ਪੁਲਸ ਨੇ ਸ਼ਿਕਾਇਤ ਕਰਤਾ ਜ਼ਖਮੀ ਧਰਮਿੰਦਰ ਵਾਸੀ ਰਤਨਪੁਰਾ ਯੂ ਪੀ ਦੀ ਸ਼ਿਕਾਇਤ ਉੱਤੇ ਮਾਮਲਾ ਦਰਜ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਧਰਮਿੰਦਰ ਫਿਲੌਰ ਤੋਂ ਮੰਡੀ ਗੋਬਿੰਦਗੜ੍ਹ ਨੂੰ ਆਪਣੇ ਟਿੱਪਰ ਉੱਤੇ ਤਾਰਕੋਲ ਤੇ ਬਜਰੀ ਲੈ ਕੇ ਜਾ ਰਿਹਾ ਸੀ। ਜਦੋਂ ਉਹ ਦਹਿੜੂ ਪੁਲ ਕੋਲ ਗਿਆ ਤਾਂ ਟਿੱਪਰ ਦੇ ਦੋਵੇਂ ਪਿਛਲੇ ਟਾਇਰ ਫਟ ਗਏ। ਚਾਲਕ ਧਰਮਿੰਦਰ ਆਪਣੇ ਸਾਥੀ ਅਸ਼ਵਨੀ ਅਤੇ ਇਕ ਹੋਰ ਟਿੱਪਰ ਚਾਲਕ ਮਨਜੀਤ ਸਿੰਘ ਵਾਸੀ ਵਜੀਦਪੁਰ ਨਾਲ ਮਿਲ ਕੇ ਜਦੋਂ ਟਾਇਰ ਬਦਲ ਰਿਹਾ ਸੀ ਤਾਂ ਲੁਧਿਆਣਾ ਸਾਈਡ ਤੋਂ ਤੇਜ਼ ਰਫਤਾਰ ਬੋਲੈਰੋ ਦੇ ਚਾਲਕ ਬਲਰਾਜ ਸਿੰਘ ਪਿੰਡ ਦਾਉਦਪੁਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨੇ ਜ਼ਖਮੀ ਹੋ ਗਏ। ਡਰਾਈਵਰ ਮਨਜੀਤ ਸਿੰਘ ਦੀ ਮੌਤ ਹੋ ਗਈ। ਧਰਮਿੰਦਰ ਤੇ ਅਸ਼ਵਨੀ ਕੁਮਾਰ ਨੂੰ ਖੰਨਾ ਦੇ ਸਿਵਲ ਹਸਪਤਾਲ 'ਚ ਲਿਆਂਦਾ ਗਿਆ, ਜਿਥੇ ਉਨ੍ਹਾਂ ਦੀ ਹਾਲਤ ਵਿਗੜਦੀ ਦੇਖ ਲੁਧਿਆਣਾ ਦੇ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ, ਉਥੇ ਇਸ ਦੌਰਾਨ ਬੈਲੋਰੋ ਦੇ ਚਾਲਕ ਬਲਰਾਜ ਸਿੰਘ ਨੂੰ ਪਾਇਲ ਹਸਪਤਾਲ 'ਚ ਲਿਜਾਇਆ ਗਿਆ, ਜਿਥੇ ਉਸ ਦੀ ਵੀ ਮੌਤ ਹੋ ਗਈ।

## ਸੜਕ ਹਾਦਸੇ ਵਿੱਚ ਮਾਂ ਦੀ ਮੌਤ, ਪੁੱਤਰ ਜ਼ਖਮੀ

ਮਕਸੂਦਾਂ, 22 ਨਵੰਬਰ (ਪੋਸਟ ਬਿਊਰੋ)- ਜਲੰਧਰ-ਅੰਮ੍ਰਿਤਸਰ ਬਾਈਪਾਸ 'ਤੇ ਬੇਅੰਤ ਸਿੰਘ ਪਾਰਕ ਨਹਿਰ ਦੇ ਨੇੜੇ ਕੱਲ੍ਹ ਦੁਪਹਿਰ ਇਕ ਤੇਜ਼ ਰਫਤਾਰ ਹੌਂਡਾ ਕਾਰ ਸਕੂਟਰ ਸਵਾਰ ਮਾਂ ਪੁੱਤ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਪਿੱਛੇ ਬੈਠੀ ਔਰਤ ਦੇ ਸਿਰ 'ਚ ਸੱਟ ਲੱਗਣ ਕਾਰਨ ਮੌਕੇ 'ਤੇ ਮੌਤ ਹੋ ਗਈ। ਸਕੂਟਰ ਸਵਾਰ ਪੁੱਤਰ ਗੰਭੀਰ ਜ਼ਖਮੀ ਹੋ ਗਿਆ।

ਇਸ ਮੌਕੇ ਓਥੇ ਮੌਜੂਦ ਲੋਕਾਂ ਨੇ ਕਾਰ ਚਾਲਕ ਨੂੰ ਕਾਬੂ ਕਰ ਕੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਮ੍ਰਿਤਕ ਦੀ ਪਛਾਣ ਦਰਸ਼ਨ ਕੌਰ ਅਤੇ ਜ਼ਖਮੀ ਨੌਜਵਾਨ ਦੀ ਪਛਾਣ ਹਰਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਬੁਲੰਦ-ਪੁਰ ਵਜੋਂ ਹੋਈ ਹੈ, ਜਿਸ ਨੂੰ ਇਲਾਜ ਲਈ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ।

# ਅਧਿਆਪਕਾਂ ਨਾਲ ਗੱਲਬਾਤ ਤੋਂ ਬਚਣ ਲਈ ਸਿਖਿਆ ਮੰਤਰੀ ਵੱਲੋਂ ਮੀਟਿੰਗ ਰੱਦ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਸਿਖਿਆ ਮੰਤਰੀ ਓ ਪੀ ਸੋਨੀ ਨੇ ਅੰਦੋਲਨਕਾਰੀ ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੂੰ ਸਮਾਂ ਦੇ ਕੇ ਬੈਠਕ ਨਹੀਂ ਕੀਤੀ। ਇਸ ਦੇ ਖਿਲਾਫ ਅਧਿਆਪਕ ਸੰਗਠਨਾਂ ਨੇ ਰੋਸ ਪ੍ਰਗਟਾਇਆ ਹੈ। ਇਸੇ ਤਰ੍ਹਾਂ ਕੱਲ੍ਹ ਜਲ ਸਪਲਾਈ ਕਾਮਿਆਂ ਨਾਲ ਇਸ ਵਿਭਾਗ ਦੀ ਮੰਤਰੀ ਰਜ਼ੀਆ ਸੁਲਤਾਨਾ ਨੇ ਮਿੱਥੀ ਮੀਟਿੰਗ ਨਾ ਹੋਣ ਕਰ ਕੇ ਅਜਿਹਾ ਹੀ ਰਵੱਈਆ ਅਖਤਿਆਰ ਕੀਤਾ ਗਿਆ।

ਵਰਨਣ ਯੋਗ ਹੈ ਕਿ ਅਧਿਆਪਕ ਮੋਰਚੇ ਨਾਲ ਮੁੱਖ ਮੰਤਰੀ ਵੀ ਉਨ੍ਹਾਂ ਨੂੰ ਸਮਾਂ ਦੇ ਚੁੱਕਣ ਦੇ ਬਾਵਜੂਦ



ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰ ਚੁੱਕੇ ਹਨ ਅਤੇ ਕੱਲ੍ਹ ਸਿਖਿਆ ਮੰਤਰੀ ਨੇ ਵੀ ਸਮਾਂ ਦੇ ਕੇ ਅਧਿਆਪਕ ਆਗੂਆਂ ਨੂੰ ਗੱਲਬਾਤ ਲਈ ਖੁਦ ਬੁਲਾਇਆ ਸੀ, ਪਰ ਮੀਟਿੰਗ ਅਚਾਨਕ ਰੱਦ ਕਰ ਦਿੱਤੀ। ਅਧਿਆਪਕ ਮੋਰਚੇ ਨੇ ਇਸ ਵਿਰੁੱਧ ਰੋਸ ਪ੍ਰਗਟਾਉਂਦਿਆਂ ਜ਼ਿਲ੍ਹਾ ਪੱਧਰ 'ਤੇ ਸਰਕਾਰ ਦੇ ਖਿਲਾਫ ਅਰਥੀ ਫੂਕ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਹੈ। ਮੁਲਾਜ਼ਮਾਂ ਨੇ ਸੰਗਠਨਾਂ ਨਾਲ ਮਿਲ ਕੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਨੂੰ ਜਾਮ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ।

ਜਲ ਸਪਲਾਈ ਵਿਭਾਗ ਦੇ ਕਾਮਿਆਂ ਦੀ ਸਾਂਝੀ ਤਾਲਮੇਲ ਸੰਘਰਸ਼ ਕਮੇਟੀ ਦੇ ਬੁਲਾਰੇ ਰਣਬੀਰ ਟੂਸੇ ਨੇ ਦੱਸਿਆ ਕਿ ਮੰਤਰੀ ਰਜ਼ੀਆ ਸੁਲਤਾਨਾ ਵੱਲੋਂ ਮੀਟਿੰਗ ਅਚਾਨਕ ਰੱਦ ਕਰ ਦੇਣ ਖਿਲਾਫ ਅੰਦੋਲਨ ਦੇ ਪ੍ਰੋਗਰਾਮ ਨੂੰ ਤੇਜ਼ ਕਰਨ ਲਈ 26 ਨਵੰਬਰ ਨੂੰ ਆਗੂਆਂ ਦੀ ਸਾਂਝੀ ਸੰਘਰਸ਼ ਕਮੇਟੀ ਦੀ ਮੀਟਿੰਗ ਬੁਲਾਈ ਗਈ ਹੈ।

# ਅੰਡੇਮਾਨ ਵਿੱਚ ਅਮਰੀਕਾ ਦਾ ਟੂਰਿਸਟ ਆਦਿ ਵਾਸੀਆਂ ਦੇ ਤੀਰਾਂ ਦਾ ਨਿਸ਼ਾਨਾ ਬਣਿਆ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਅੰਡੇਮਾਨ ਨਿਕੋਬਾਰ ਦੇ ਉਤਰੀ ਸੈਂਟੀਨਲ ਦੀਪ 'ਤੇ ਇੱਕ ਅਮਰੀਕੀ ਨਾਗਰਿਕ ਦਾ ਸੁਰੱਖਿਅਤ ਗਿਣੇ ਜਾਂਦੇ ਸੈਂਟੇਨਲੀਜ਼ ਆਦਿਵਾਸੀਆਂ ਨੇ ਕਤਲ ਕਰ ਦਿੱਤਾ ਹੈ। ਅਮਰੀਕ ਦੂਤਘਰ ਇਸ ਵਿਅਕਤੀ ਨੂੰ ਅਜੇ ਤੱਕ ਲਾਪਤਾ ਹੀ ਮੰਨ ਰਿਹਾ ਹੈ। ਪੁਲਸ ਨੇ ਇਸ ਬਾਰੇ ਜਾਣਬੁੱਝ ਕੇ ਕੀਤੇ ਕਤਲ ਦਾ ਕੇਸ ਦਰਜ ਕਰ ਕੇ ਜਾਨ ਐਲਨ ਚਾਊ (27) ਨਾਂਅ ਦੇ ਨਾਗਰਿਕ ਨੂੰ ਦੀਪ 'ਤੇ ਲਿਜਣ ਵਾਲੇ ਮਛੇਰਿਆਂ ਨੂੰ ਫੜ ਲਿਆ ਹੈ।

ਅਮਰੀਕੀ ਦੂਤਘਰ ਦੇ ਇੱਕ ਬੁਲਾਰੇ ਨੇ ਕਿਹਾ, ਸਾਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਇੱਕ ਅਮਰੀਕੀ ਨਾਗਰਿਕ ਅੰਡੇਮਾਨ ਨਿਕੋਬਾਰ ਦੀਪ ਸਮੂਹ ਉਤੇ ਹੈ। ਅਮਰੀਕਾ ਲਈ



ਆਪਣੇ ਨਾਗਰਿਕਾਂ ਦੀ ਭਲਾਈ ਅਤੇ ਸੁਰੱਖਿਆ ਪਹਿਲਾਂ ਹੈ। ਉਨ੍ਹਾਂ ਕਿਹਾ ਕਿ ਨਿਜਤਾ ਨੂੰ ਧਿਆਨ ਵਿੱਚ ਰੱਖਦਿਆਂ ਉਹ ਇਸ ਬਾਰੇ ਹੋਰ ਟਿਪਣੀ ਨਹੀਂ ਕਰਨਗੇ। ਪੋਰਟ ਬਲੇਅਰ ਤੋਂ ਛਪਦੇ ਇੱਕ ਅਖਬਾਰ ਅਨੁਸਾਰ ਚਾਊ ਇਸ ਤੋਂ ਪਹਿਲਾਂ ਪੰਜ ਵਾਰੀ ਅੰਡੇਮਨ ਨਿਕੋਬਾਰ ਦੀਪ ਸਮੂਹ ਜਾ ਚੁੱਕਾ ਹੈ। ਉਸ ਨੇ ਸੈਂਟੇਨਲੀਜ਼ ਆਦਿਵਾਸੀਆਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਸੀ। ਇਹ ਆਦਿਵਾਸੀ ਬਾਹਰੀ ਲੋਕਾਂ ਨਾਲ ਕੋਈ ਸੰਪਰਕ ਨਹੀਂ ਰੱਖਦੇ ਅਤੇ ਆਪਣੇ ਕੋਲ ਆਉਣ ਵਾਲੇ ਲੋਕਾਂ 'ਤੇ ਤੀਰਾਂ ਦੀ ਵਾਛੜ ਕਰ ਦਿੰਦੇ ਹਨ। ਜਾਣਕਾਰ ਸੂਤਰਾਂ ਅਨੁਸਾਰ ਮਛੇਰਿਆਂ ਨੇ ਉਸ ਦੀ ਲਾਸ਼ ਨੂੰ ਵੇਖਿਆ, ਪਰ ਉਸ ਨੂੰ ਲਿਆ ਨਹੀਂ ਸਕੇ। ਅਜੇ ਤੱਕ ਉੱਤਰੀ ਸੈਂਟੀਨਲ ਦੀਪ 'ਤੇ ਬਾਹਰੀ ਲੋਕਾਂ ਦਾ ਜਾਣਾ ਮਨ੍ਹਾ ਸੀ। ਇਸ ਸਾਲ ਇੱਕ ਵੱਡਾ ਕਦਮ ਚੁੱਕ ਕੇ ਸਰਕਾਰ ਨੇ ਕੇਂਦਰੀ ਸ਼ਾਸਤ ਇਲਾਕਿਆਂ ਵਿੱਚ ਇਨ੍ਹਾਂ ਦੀਪਾਂ ਸਮੇਤ 28 ਦੀਪਾਂ ਨੂੰ 31 ਦਸੰਬਰ 2022 ਤੱਕ ਪਾਬੰਦੀਸ਼ੁਦਾ ਖੇਤਰਾਂ ਦੀ ਸੂਚੀ ਆਰ ਏ ਪੀ) ਵਿੱਚੋਂ ਬਾਹਰ ਕੱਢ ਦਿੱਤਾ ਸੀ। ਆਰ ਏ ਪੀ ਸੂਚੀ 'ਚੋਂ ਬਾਹਰ ਕੱਢਣ ਦਾ ਮਤਲਬ ਇਹ ਹੋਇਆ ਕਿ ਵਿਦੇਸ਼ੀ ਲੋਕ ਸਰਕਾਰ ਦੀ ਇਜਾਜ਼ਤ ਤੋਂ ਬਗੈਰ ਇਨ੍ਹਾਂ ਦੀਪਾਂ 'ਤੇ ਜਾ ਸਕਣਗੇ।

# ਭਾਰਤ ਤੇ ਯੂਰਪੀ ਯੂਨੀਅਨ 'ਸਵਿਫਟ' ਦਾ ਤੋੜ ਲੱਭਣ 'ਚ ਜੁਟੇ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਯੂਰਪੀ ਯੂਨੀਅਨ ਅਤੇ ਭਾਰਤ ਦੋਵੇਂ ਮਿਲ ਕੇ ਪ੍ਰਸਿੱਧ ਬੈਂਕਿੰਗ ਤਕਨੀਕ 'ਸਵਿਫਟ' ਦੀ ਥਾਂ ਕੋਈ ਨਵੀਂ ਵਿਵਸਥਾ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਕਿ ਈਰਾਨ ਤੋਂ ਲਏ ਕੱਚੇ ਤੇਲ ਦਾ ਭੁਗਤਾਨ ਹੋ ਸਕੇ। ਸਵਿਫਟ (ਸੁਸਾਇਟੀ ਫਾਰ ਵਰਲਡ ਵਾਈਡ ਇੰਟਰਬੈਂਕ ਫਾਈਨਾਂਸ਼ੀਅਲ ਟੈਲੀਕਮਿਊਨਿਕੇਸ਼ਨਜ਼) ਤਕਨੀਕ ਦੀ ਵਰਤੋਂ ਕੌਮਾਂਤਰੀ ਪੱਧਰ ਉੱਤੇ ਇਕ ਬੈਂਕ ਸ਼ਾਖਾ ਤੋਂ ਦੂਜੇ ਬੈਂਕ ਸ਼ਾਖਾ 'ਚ ਵਿੱਤੀ ਲੈਣ ਦੇਣ 'ਚ ਕੀਤੀ ਜਾਂਦੀ ਹੈ। ਈਰਾਨ ਉੱਤੇ ਅਮਰੀਕੀ ਪਾਬੰਦੀ ਲਾਗੂ ਹੋਣ ਦੇ ਬਾਅਦ ਤੋਂ ਇਸ ਮਹੀਨੇ ਈਰਾਨ ਨੂੰ ਸਵਿਫਟ ਵਿਵਸਥਾ ਨਾਲ ਵੀ ਕਾਰੋਬਾਰੀ ਲੈਣ ਦੇਣ ਦਾ ਭੁਗਤਾਨ ਨਹੀਂ ਹੋ ਰਿਹਾ।

ਇਸ ਵਰ੍ਹੇ ਦੇ ਸ਼ੁਰੂ 'ਚ ਜਦੋਂ ਪੰਜਾਬ ਨੈਸ਼ਨਲ ਬੈਂਕ ਨੂੰ ਹੀਰਾ ਕਾਰੋਬਾਰੀ ਨੀਰਵ ਮੋਦੀ ਅਤੇ ਮੇਹੁਲ ਚੋਕਸੀ ਵੱਲੋਂ 13000 ਕਰੋੜ ਤੋਂ ਵੱਧ ਦਾ ਚੂਨਾ ਲਾਉਣ ਦੀ ਘਟਨਾ ਦਾ ਪਤਾ ਲੱਗਾ, ਉਦੋਂ ਬੈਂਕਿੰਗ ਵਿਵਸਥਾ 'ਚ ਵਰਤੋਂ ਹੋਣ ਵਾਲੀ ਤਕਨੀਕ 'ਸਵਿਫਟ' ਦਾ ਨਾਂ ਸਾਹਮਣੇ ਆਇਆ ਸੀ। ਭਾਰਤ 'ਚ ਯੂਰਪੀ ਯੂਨੀਅਨ ਦੇ ਰਾਜਦੂਤ ਟਾਮਸ ਕੋਜਿਵੋਸਕੀ ਨੇ ਦੱਸਿਆ, 'ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ ਸਵਿਫਟ ਦਾ ਬਦਲ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਸਵਿਫਟ ਦੀ ਥਾਂ ਲੈ ਸਕੇ। ਵ੍ਹੀਕਲ ਬਣ ਜਾਣ ਮਗਰੋਂ ਭਾਰਤ ਵਰਗੇ ਦੇਸ਼ ਵੀ ਇਸ 'ਚ ਹਿੱਸਾ ਲੈ ਸਕਣਗੇ।'

ਈਰਾਨ ਉਤੇ ਅਮਰੀਕੀ ਪਾਬੰਦੀ ਲਾਉਣ ਦੇ ਮੁੱਦੇ 'ਤੇ ਭਾਰਤ ਤੇ ਯੂਰਪੀ ਯੂਨੀਅਨ ਦੇ ਵਿਚਾਰ ਇਕੋ ਜਿਹੇ ਹਨ। ਪਹਿਲਾਂ ਦੋਵਾਂ ਨੇ ਐਟਮੀ ਮੁੱਦੇ ਉਤੇ ਯੂ ਐਨ ਦੀ ਅਗਵਾਈ 'ਚ ਕੀਤੇ ਸਮਝੌਤੇ ਤੋਂ ਅਮਰੀਕਾ ਦੇ ਹਟਣ ਦਾ ਵਿਰੋਧ ਕੀਤਾ ਸੀ। ਇਨ੍ਹਾਂ ਦਾ ਅਧਿਕਾਰਕ ਤੌਰ 'ਤੇ ਮੰਨਣਾ ਹੈ ਕਿ ਈਰਾਨ 'ਤੇ ਪਾਬੰਦੀ ਯੂ ਐਨ ਵੱਲੋਂ ਲੱਗਣੀ ਚਾਹੀਦੀ ਹੈ। ਅਮਰੀਕਾ ਨੇ ਇਕ ਪਾਸੜ ਫੈਸਲਾ ਕਰ ਕੇ ਪਾਬੰਦੀ ਲਾਗੂ ਕਰ ਦਿੱਤੀ ਹੈ ਤਾਂ ਇਨ੍ਹਾਂ ਦੇਸ਼ਾਂ ਨੂੰ ਈਰਾਨ ਨਾਲ ਕਾਰੋਬਾਰ ਕਰਨ 'ਚ ਦਿੱਕਤ ਹੋ ਰਹੀ ਹੈ। ਅਮਰੀਕਾ ਨੇ ਭਾਰਤ ਨੂੰ ਅਗਲੇ ਵਰ੍ਹੇ ਮਈ ਤੱਕ ਈਰਾਨ ਤੋਂ ਹਰ ਮਹੀਨੇ 15 ਲੱਖ ਟਨ ਕੱਚਾ ਤੇਲ ਦਰਾਮਦ ਕਰਨ ਦੀ




ਛੋਟ ਦਿੱਤੀ ਹੈ। ਅਧਿਕਾਰਕ ਸੂਤਰਾਂ ਦਾ ਕਹਿਣਾ ਹੈ ਕਿ ਸਵਿਫਟ ਵਰਗੀ ਦੂਜੀ ਤਕਨੀਕੀ ਵਿਵਸਥਾ ਕਰਨ 'ਚ ਭਾਰਤ ਵੀ ਯੂਰਪੀ ਯੂਨੀਅਨ ਦੀ ਮਦਦ ਕਰ ਰਿਹਾ ਹੈ। ਅਜਿਹਾ ਹੋਣ 'ਤੇ ਅਮਰੀਕੀ ਪਾਬੰਦੀ ਨੂੰ ਨਜ਼ਰ ਅੰਦਾਜ਼ ਕਰਕੇ ਵੀ ਭਾਰਤ ਈਰਾਨ ਨਾਲ ਕਾਰੋਬਾਰੀ ਰਿਸ਼ਤੇ ਬਣਾਏ ਰੱਖ ਸਕਦਾ ਹੈ। ਈਰਾਨ ਦੇ ਕੱਚੇ ਤੇਲ ਦਾ ਭਾਰਤ ਵੱਡਾ ਦਰਾਮਦਕਾਰ ਹੈ। ਪਿਛਲੇ ਮਹੀਨੇ ਭਾਰਤ ਨੇ 6.08 ਲੱਖ ਬੈਰਲ ਰੋਜ਼ਾਨਾ ਦੇ ਹਿਸਾਬ ਨਾਲ ਈਰਾਨ ਤੋਂ ਕੱਚਾ ਤੇਲ ਖਰੀਦਿਆ ਹੈ, ਜੋ ਪਿਛਲੇ ਵਰ੍ਹੇ ਅਕਤੂਬਰ ਦੇ ਮੁਕਾਬਲੇ 35 ਫੀਸਦੀ ਵੱਧ ਹੈ।









# ਨਿਰੰਕਾਰੀ ਭਵਨ ਕੇਸ ਵਿੱਚ ਫੜੇ ਨੌਜਵਾਨ ਬਾਰੇ ਪੁਲਸ ਦੀ ਕਹਾਣੀ ਲੋਕ ਨਹੀਂ ਮੰਨ ਰਹੇ

ਅੰਮ੍ਰਿਤਸਰ, 22 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਪਿੰਡ ਅਦਲੀਵਾਲ ਨੇੜੇ ਨਿਰੰਕਾਰੀ ਸਤਿਸੰਗ ਭਵਨ ਵਿੱਚ ਗ੍ਰਨੇਡ ਹਮਲੇ ਬਾਰੇ ਪੁਲਸ ਵੱਲੋਂ ਅੰਮ੍ਰਿਤਸਰ ਦੇ ਦੋ ਨੌਜਵਾਨਾਂ ਨੂੰ ਨਾਮਜ਼ਦ ਕਰਨ ਤੇ ਇਕ ਜਣੇ ਨੂੰ ਗ੍ਰਿਫਤਾਰ ਕਰਨ ਦੇ ਸਰਕਾਰ ਦੇ ਦਾਅਵੇ ਉੱਤੇ ਅਜੇ ਤੱਕ ਲੋਕ ਯਕੀਨ ਨਹੀਂ ਕਰ ਰਹੇ।

ਇਸ ਸੰਬੰਧ ਵਿੱਚ ਕੁਝ ਲੋਕਾਂ ਦਾ ਕਹਿਣਾ ਹੈ ਕਿ ਜਿਸ ਨੌਜਵਾਨ ਬਿਕਰਮਜੀਤ ਸਿੰਘ ਨੂੰ ਕੱਲ੍ਹ ਫੜਨ ਦਾ ਦਾਅਵਾ ਕੀਤਾ ਗਿਆ ਹੈ, ਉਸ ਨੂੰ ਤਿੰਨ ਦਿਨ ਪਹਿਲਾਂ ਪੁਲਸ ਨੇ ਉਸ ਦੇ ਘਰੋਂ ਚੁੱਕ ਲਿਆ ਸੀ। ਇਸ ਨੌਜਵਾਨ ਦਾ ਪਹਿਲਾਂ ਕੋਈ ਮਾੜਾ ਰਿਕਾਰਡ ਵੀ ਨਹੀਂ ਅਤੇ ਨਾ ਕਿਸੇ ਥਾਣੇ 'ਚ ਉਸ ਦੇ ਖਿਲਾਫ ਕੋਈ ਅਪਰਾਧਿਕ ਕੇਸ ਦਰਜ ਹੈ। ਪੁਲਸ ਅਨੁਸਾਰ ਇਹ ਹਮਲਾ ਖਾਲਿਸਤਾਨ ਲਿਬਰੇਸ਼ਨ ਫੋਰਸ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਦੇ ਇਸ਼ਾਰੇ 'ਤੇ ਕੀਤਾ ਸੀ, ਜਿਸ 'ਚ ਅੰਮ੍ਰਿਤਸਰ ਦੇ ਨੌਜਵਾਨ ਬਿਕਰਮਜੀਤ ਸਿੰਘ ਉਰਫ ਬਿਕਰਮ ਪਿੰਡ ਧਾਰੀਵਾਲ ਅਤੇ ਅਵਤਾਰ ਸਿੰਘ ਪਿੰਡ ਚੱਕ ਮਿਸ਼ਰੀ ਖਾਂ, ਥਾਣਾ ਲੋਪੋਕੇ ਦੋਵੇਂ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਨੌਜਵਾਨਾਂ ਨੂੰ ਵਰਤਿਆ ਗਿਆ ਹੈ। ਇਸ ਹਮਲੇ 'ਚ ਹਮਲਾਵਰਾਂ ਨੇ ਪਲਸਰ ਮੋਟਰ ਸਾਈਕਲ ਦੀ ਵਰਤੋਂ ਕੀਤੀ ਸੀ ਅਤੇ ਪੁਲਸ ਨੇ ਪਲਸਰ ਮੋਟਰ ਸਾਈਕਲਾਂ ਨੂੰ ਆਧਾਰ ਬਣਾ ਕੇ ਤਫਤੀਸ਼ ਕੀਤੀ ਅਤੇ ਦਾਅਵਾ ਕੀਤਾ ਕਿ ਗ੍ਰਿਫਤਾਰ ਕੀਤੇ ਨੌਜਵਾਨ ਤੋਂ ਪਲਸਰ ਮੋਟਰ ਸਾਈਕਲ ਵੀ ਬਰਾਮਦ ਕਰ ਲਿਆ ਹੈ। ਪੁਲਸ ਅਨੁਸਾਰ ਹਮਲੇ ਸਮੇਂ ਗ੍ਰਿਫਤਾਰ ਕੀਤਾ ਨੌਜਵਾਨ ਮੋਟਰ ਸਾਈਕਲ ਚਲਾ ਰਿਹਾ ਸੀ।

ਗ੍ਰਿਫਤਾਰ ਕੀਤੇ ਨੌਜਵਾਨ ਬਿਕਰਮਜੀਤ ਸਿੰਘ ਬਾਰੇ ਉਸ ਦੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਹਮਲੇ ਦੇ ਦਿਨ ਉਹ ਘਰੇ ਆਪਣੀ ਖੇਤੀ ਨਾਲ ਜੁੜੇ ਕੰਮ ਕਰਦਾ ਰਿਹਾ ਤੇ ਪਿੰਡੋਂ ਬਾਹਰ ਨਹੀਂ ਗਿਆ ਤੇ ਓਸੇ ਰਾਤ ਉਸ ਨੂੰ ਉਸ ਦੇ ਘਰੋਂ ਪੁਲਸ ਨੇ ਚੁੱਕ ਲਿਆ ਸੀ। ਪੁਲਸ ਨੇ ਉਸ ਦੇ ਵਾਰਸਾਂ ਨੂੰ ਇਹ ਧਰਵਾਸ ਦਿੱਤਾ ਸੀ ਕਿ ਉਸ ਨੂੰ ਜਲਦੀ ਪੁੱਛਗਿੱਛ ਕਰਕੇ ਛੱਡ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿਕਰਮਜੀਤ ਸਿੰਘ ਧਾਰਮਿਕ ਬਿਰਤੀ ਵਾਲਾ ਨੌਜਵਾਨ ਅਤੇ ਸਾਫ ਸੁਥਰੀ ਜ਼ਿੰਦਗੀ ਜੀਅ ਰਿਹਾ ਸੀ। ਪੁਲਸ ਨੇ ਦੋ ਦਰਜਨ ਹੋਰ ਨੌਜਵਾਨਾਂ ਨੂੰ ਸ਼ੱਕ ਉਤੇ ਚੁੱਕਿਆ ਹੈ, ਜਿਨ੍ਹਾਂ ਦਾ ਦੋਸ਼ ਇਹ ਸੀ ਕਿ ਪਲਸਰ ਮੋਟਰ ਸਾਈਕਲ ਚਲਾਉਂਦੇ ਸਨ ਅਤੇ ਕੁਝ ਹੋਰ ਸਿੱਖ ਜਥੇਬੰਦੀਆਂ ਨਾਲ ਜੁੜੇ ਹੋਏ ਸਨ।

ਅੰਮ੍ਰਿਤਸਰ ਰੇਲ ਹਾਦਸਾ:

# ਜਾਂਚ ਅਧਿਕਾਰੀ ਨੇ ਸਰਕਾਰ ਨੂੰ ਰਿਪੋਰਟ ਸੌਂਪੀ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਵਿਖੇ ਦੁਸਹਿਰੇ ਮੌਕੇ ਵਾਪਰੇ ਰੇਲ ਹਾਦਸੇ ਦੀ ਘਟਨਾ ਦੀ ਪੰਜਾਬ ਸਰਕਾਰ ਵੱਲੋਂ ਜਾਂਚ ਕਰ ਰਹੇ ਪ੍ਰਿੰਸੀਪਲ ਸੈਕਟਰੀ ਪੱਧਰ ਦੇ ਸੀਨੀਅਰ ਅਧਿਕਾਰੀ ਬੀ ਪੁਰਸ਼ਾਰਥਾ ਨੇ ਕੱਲ੍ਹ ਸ਼ਾਮ ਆਪਣੀ ਰਿਪੋਰਟ ਪੰਜਾਬ ਦੇ ਐਡੀਸ਼ਨਲ ਚੀਫ ਸੈਕਟਰੀ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਨੂੰ ਸੀਲਡ ਲਿਫਾਫੇ ਵਿੱਚ ਦੇ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਿਰਮਲਜੀਤ ਸਿੰਘ ਕਲਸੀ ਨੂੰ ਆਦੇਸ਼ ਦਿੱਤਾ ਕਿ ਉਹ ਇਸ ਰਿਪੋਰਟ ਦਾ ਅਧਿਐਨ ਕਰਕੇ ਉਨ੍ਹਾਂ ਨੂੰ ਆਪਣੀਆਂ ਸਿਫਾਰਸ਼ਾਂ ਭੇਜਣ। ਬੀ ਪੁਰਸ਼ਾਰਥਾ ਨੇ ਰਿਪੋਰਟ ਬਾਰੇ ਜਾਣਕਾਰੀ ਦੇਣ ਜਾਂ ਟਿੱਪਣੀ ਕਰਨ ਤੋਂ ਇਨਕਾਰ ਕੀਤਾ, ਪਰ ਉਨ੍ਹਾਂ ਆਪਣੀ ਰਿਪੋਰਟ 'ਚ ਸਾਰੇ ਪਹਿਲੂਆਂ ਨੂੰ ਲਿਆ ਹੈ ਅਤੇ 150 ਦੇ ਕਰੀਬ ਗਵਾਹਾਂ ਦੇ ਬਿਆਨ ਵੀ ਰਿਕਾਰਡ ਕੀਤੇ ਹਨ।

ਇਸ ਸੰਬੰਧ ਵਿੱਚ ਪ੍ਰਸ਼ਾਸਨਿਕ ਹਲਕਿਆਂ ਦਾ ਕਹਿਣਾ ਹੈ ਕਿ ਰਿਪੋਰਟ ਅਨੁਸਾਰ ਮੁੱਖ ਜ਼ਿੰਮੇਵਾਰੀ ਰੇਲਵੇ ਵਿਭਾਗ ਉੱਤੇ ਆ ਰਹੀ ਹੈ, ਕਿਉਂਕਿ ਰੇਲਵੇ ਲਾਈਨਾਂ ਨੂੰ ਸੁਰੱਖਿਅਤ ਰੱਖਣ ਦੀ ਡਿਊਟੀ ਰੇਲਵੇ ਸੁਰੱਖਿਆ ਫੋਰਸ ਦੀ ਅਤੇ ਭਾਰਤ ਸਰਕਾਰ ਵੱਲੋਂ ਬਣਾਏ ਆਲ ਇੰਡੀਆ ਰੇਲਵੇ ਐਕਟ ਅਧੀਨ ਰੇਲਵੇ ਵਿਭਾਗ ਦੀਆਂ ਸਾਰੀਆਂ ਜਾਇਦਾਦਾਂ ਅਤੇ ਰੇਲਵੇ ਲਾਈਨਾਂ ਨੂੰ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਿਆ ਹੋਇਆ ਹੈ। ਪਤਾ ਲੱਗਾ ਹੈ ਕਿ ਇਸ ਰਿਪੋਰਟ 'ਚ ਰਾਜ ਸਰਕਾਰ ਨੂੰ ਕੁਝ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਹਨ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।

# ਹਰਸਿਮਰਤ ਕੌਰ ਬਾਦਲ ਦੇ 'ਵਧਾਈ ਬੋਰਡਾਂ' ਤੋਂ ਬਾਦਲ ਪਿਤਾ-ਪੁੱਤਰ ਦੋਵੇਂ ਗਾਇਬ



ਬਠਿੰਡਾ, 22 ਨਵੰਬਰ (ਪੋਸਟ ਬਿਊਰੋ)- ਕੇਂਦਰੀ ਮੰਤਰੀ ਹਰਸਿਮ-ਰਤ ਕੌਰ ਬਾਦਲ ਦੇ ਗੁਰਪੁਰਬ ਅਤੇ ਨਵੇਂ ਸਾਲ ਵਾਲੇ 'ਵਧਾਈ ਬੋਰਡਾਂ' ਵਿੱਚੋਂ ਦੋਵੇਂ ਬਾਦਲ ਬਾਪ-ਬੇਟਾ ਆਊਟ ਹਨ। ਬਾਦਲਾਂ ਦੀ ਤਸਵੀਰ 'ਵਧਾਈ ਬੋਰਡਾਂ' ਉੱਤੇ ਨਾ ਹੋਣ ਤੋਂ ਨਵੇਂ ਸਿਆਸੀ ਚਰਚੇ ਛਿੜੇ ਹੋਏ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਦੀ ਤਸਵੀਰ ਹਰਸਿਮਰਤ ਕੌਰ ਬਾਦਲ ਵੱਲੋਂ ਲਾਏ ਬੋਰਡਾਂ ਤੋਂ ਗਾਇਬ ਹੈ।

ਬਠਿੰਡਾ ਲੋਕ ਸਭਾ ਹਲਕੇ ਦੇ ਸਾਰੇ ਸ਼ਹਿਰਾਂ ਵਿੱਚ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ 'ਵਧਾਈ ਬੋਰਡ' ਮੁੱਖ ਸੜਕਾਂ ਉੱਤੇ ਚੌਕਾਂ 'ਚ ਲਾਉਣ ਲਈ ਹਲਕਾ ਇੰਚਾਰਜਾਂ ਨੂੰ ਹੁਕਮ ਕੀਤੇ ਗਏ ਸਨ, ਜੋ ਲੱਗਣੇ ਸ਼ੁਰੂ ਹੋ ਗਏ ਹਨ। ਬੋਰਡਾਂ ਦੀ ਲਿਖਤ ਵਗੈਰਾ ਬਕਾਇਦਾ ਬੀਬੀ ਬਾਦਲ ਦੇ ਦਫਤਰ ਤੋਂ ਜਾਰੀ ਹੋਈ ਹੈ। ਬਠਿੰਡਾ ਸ਼ਹਿਰ 'ਚ ਕੱਲ੍ਹ ਰਾਤ ਇਹ ਬੋਰਡ ਲੱਗੇ ਹਨ, ਜਿਨ੍ਹਾਂ ਉੱਤੇ ਬਤੌਰ ਕੇਂਦਰੀ ਕੈਬਨਿਟ ਮੰਤਰੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਭ ਨੂੰ ਗੁਰਪੁਰਬ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ ਹੈ। ਬੋਰਡ ਉੱਤੇ ਨੰਨ੍ਹੀ ਛਾਂ ਪ੍ਰਾਜੈਕਟ ਦਾ ਲੋਗੋ ਵੀ ਛਾਪਿਆ ਹੈ। ਐਤਕੀਂ ਦੀਵਾਲੀ ਮੌਕੇ ਬੀਬੀ ਬਾਦਲ ਨੇ ਵਧਾਈ ਬੋਰਡ ਨਹੀਂ ਲਾਏ ਗਏ ਸਨ। ਨਵੇਂ ਲਾਏ ਬੋਰਡਾਂ ਦੇ ਇਕ ਪਾਸੇ 'ਰੁੱਖ ਲਾਈਏ ਤੇ ਬੱਚੀਆਂ ਬਚਾਈਏ' ਦਾ ਨਾਅਰਾ ਉਕਰਿਆ ਹੋਇਆ ਹੈ। ਜਾਣਕਾਰ ਸੂਤਰ ਆਖਦੇ ਹਨ ਕਿ ਪੰਜਾਬ ਵਿੱਚ ਬੇਅਦਬੀ ਕੇਸਾਂ ਨੂੰ ਲੈ ਕੇ ਲੋਕਾਂ ਦਾ ਗੁੱਸਾ ਹਾਲੇ ਬਾਦਲਾਂ ਪ੍ਰਤੀ ਠੰਢਾ ਨਹੀਂ ਹੋਇਆ, ਜਿਸ ਦਾ ਇਹ ਨਤੀਜਾ ਇਨ੍ਹਾਂ ਬੋਰਡਾਂ ਤੋਂ ਝਲਕਦਾ ਹੈ। ਲੋਕ ਸਭਾ ਚੋਣਾਂ ਦੂਰ ਨਹੀਂ ਹਨ, ਜਿਸ ਕਰਕੇ ਸਿਆਸੀ ਨੇਤਾ ਇਸ ਬਾਰੇ ਸੋਚ ਕੇ ਚੱਲਦੇ ਹਨ।

# ਦੋਵੇਂ ਕੋਰੀਆ 14 ਸਾਲ ਪਿੱਛੋਂ ਸੜਕੀ ਮਾਰਗ ਨਾਲ ਜੁੜੇ



ਸਿਓਲ, 22 ਨਵੰਬਰ (ਪੋਸਟ ਬਿਊਰੋ)- ਕਈ ਦਹਾਕਿਆਂ ਤੋਂ ਚੱਲੀ ਆ ਰਹੀ ਦੁਸ਼ਮਣੀ ਪਿੱਛੋਂ ਅਮਨ ਦੀ ਰਾਹ 'ਤੇ ਚੱਲੇ ਉੱਤਰੀ ਅਤੇ ਦੱਖਣੀ ਕੋਰੀਆ ਨੇ ਇਸ ਸਬੰਧ ਵਿੱਚ ਇਕ ਹੋਰ ਕਦਮ ਚੁੱਕਿਆ ਹੈ। ਦੋਵੇਂ ਦੇਸ਼ 14 ਸਾਲ ਬਾਅਦ ਆਪਣੀ ਸਾਂਝੀ ਸਰਹੱਦ 'ਤੇ ਸੜਕ ਮਾਰਗ ਨਾਲ ਜੁੜ ਗਏ ਹਨ। ਦੱਖਣੀ ਕੋਰੀਆ ਦੇ ਰੱਖਿਆ ਮੰਤਰਾਲੇ ਨੇ ਵੀਰਵਾਰ ਇਸ ਦਾ ਐਲਾਨ ਕੀਤਾ ਅਤੇ ਸੜਕ ਬਣਾ ਰਹੇ ਦੋਵਾਂ ਦੇਸ਼ਾਂ ਦੇ ਫ਼ੌਜੀਆਂ ਦੀ ਤਸਵੀਰ ਵੀ ਜਾਰੀ ਕੀਤੀ ਹੈ। ਉੱਤਰੀ ਕੋਰੀਆ ਦੀ ਰਾਜਧਾਨੀ ਪਿਉਂਗਯਾਂਗ ਵਿੱਚ ਦੋਵਾਂ ਦੇਸ਼ਾਂ ਦੇ ਮੁਖੀਆਂ ਵਿਚਾਲੇ ਸਤੰਬਰ 'ਚ ਹੋਈ ਮੁਲਾਕਾਤ ਦੌਰਾਨ ਹੋਰ ਮੁੱਦਿਆਂ ਦੇ ਇਲਾਵਾ ਇਕ ਸੜਕ ਬਣਾਉਣ ਦੀ ਵੀ ਸਹਿਮਤੀ ਬਣੀ ਸੀ। 12 ਮੀਟਰ ਚੌੜੀ ਇਹ ਕੱਚੀ ਸੜਕ ਦੋਵਾਂ ਦੇਸ਼ਾਂ ਨੂੰ ਵੰਡਣ ਵਾਲੇ ਗ਼ੈਰ ਫ਼ੌਜੀ ਇਲਾਕੇ 'ਚ ਬਣਾਈ ਗਈ ਅਤੇ ਇਹ 1950 ਤੋਂ 1953 ਤਕ ਚੱਲੀ ਕੋਰੀਆਈ ਜੰਗ ਦੌਰਾਨ ਮਾਰੇ ਗਏ ਲੋਕਾਂ ਦੇ ਪਿੰਜਰ ਹਾਸਲ ਕਰਨ ਲਈ ਅਗਲੇ ਸਾਲ ਸ਼ੁਰੂ ਹੋਣ ਵਾਲੀ ਸਾਂਝੇ ਮੁਹਿੰਮ ਵਰਤੀ ਜਾਵੇਗੀ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.





Tej Bedi

Auto - Home - Commercial - Business - Trucking - R.E.S.P - Disability

CONNEX Insurance Brokers Ltd.
Home • Auto • Life • Commercial • Trucking

7050 A, Bramalea Rd, Unit # 13 Mississauga , ON , Canada - L5S 1T1
Phone : 905 564 2222 | Toll Free : Fax : 905 564 2264

# ਕਰਤਾਰਪੁਰ ਲਾਂਘੇ ਦਾ ਮੁੱਦਾ: ਕੇਂਦਰ ਸਰਕਾਰ ਦੇ ਫ਼ੈਸਲੇ ਦਾ ਕੈਪਟਨ, ਨਵਜੋਤ ਸਿੱਧੂ ਤੇ ਬਾਦਲਾਂ ਵੱਲੋਂ ਸਵਾਗਤ



ਚੰਡੀਗੜ੍ਹ, 22 ਨਵੰਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੱਡੀ ਪੱਧਰ ਉੱਤੇ ਮਨਾਏ ਜਾਣ ਤੇ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਸਬੰਧ ਵਿੱਚ ਉਨ੍ਹਾਂ ਨੇ ਆਪਣੀ ਕੀਤੀ ਹੋਈ ਬੇਨਤੀ ਨੂੰ ਪ੍ਰਵਾਨ ਕੀਤੇ ਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਵੀ ਕੀਤਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਵੱਖ-ਵੱਖ ਪੱਤਰਾਂ ਅਤੇ ਬੇਨਤੀਆਂ ਦੇ ਹੁੰਗਾਰੇ ਵਜੋਂ ਇਸ ਇਤਿਹਾਸਕ ਸਮਾਰੋਹ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਕੇਂਦਰੀ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਮਤੇ ਦੀ ਪ੍ਰਸ਼ੰਸਾ ਕੀਤੀ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਕੌਮਾਂਤਰੀ ਸਰਹੱਦ ਤੱਕ ਕਰਤਾਰਪੁਰ ਸਾਹਿਬ ਵਾਲਾ ਲਾਂਘਾ ਬਣਾਉਣ ਤੇ ਵਿਕਸਤ ਕਰਨ ਬਾਰੇ ਕੇਂਦਰੀ ਮੰਤਰੀ ਮੰਡਲ ਵੱਲੋਂ ਦਿੱਤੀ ਪ੍ਰਵਾਨਗੀ ਦਾ ਮੁੱਖ ਮੰਤਰੀ ਨੇ ਵਿਸ਼ੇਸ਼ ਤੌਰ ’ਤੇ ਸਵਾਗਤ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਨਾਲ ਕਰਤਾਰਪੁਰ ਗੁਰਦੁਆਰਾ ਵਿਖੇ ਨਤਮਸਤਕ ਹੋਣ ਦੀ ਲੱਖਾਂ ਸ਼ਰਧਾਲੂਆਂ ਨੂੰ ਸਹੂਲਤ ਮਿਲੇਗੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਕਸਬੇ ਸੁਲਤਾਨਪੁਰ ਲੋਧੀ ਦੇ ਸਮਾਰਟ ਸਿਟੀ ਦੀ ਲਾਈਨ ’ਤੇ ਵਿਰਾਸਤੀ ਕਸਬੇ ਵਜੋਂ ਵਿਕਾਸ ਕਰਨ ਦੇ ਕੇਂਦਰੀ ਮੰਤਰੀ ਮੰਡਲ ਦੇ ਫੈਸਲੇ ’ਤੇ ਵੀ ਖੁਸ਼ੀ ਪ੍ਰਗਟ ਕੀਤੀ ਹੈ। ਮੁੱਖ ਮੰਤਰੀ ਨੇ ਪ੍ਰਵਾਨਿਤ ਪ੍ਰਾਜੈਕਟਾਂ ਲਈ ਜਲਦੀ ਫੰਡ ਜਾਰੀ ਕਰਨ ਲਈ ਕੇਂਦਰ ਨੂੰ ਅਪੀਲ ਕੀਤੀ ਹੈ, ਤਾਂ ਜੋ ਇਨ੍ਹਾਂ ਪ੍ਰਾਜੈਕਟਾਂ ਨੂੰ ਇਕ ਸਾਲ ਦੇ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ।

ਓਧਰ ਮੱਧ ਪ੍ਰਦੇਸ਼ ਦੇ ਚੋਣ ਦੌਰੇ ਲਈ ਗਏ ਹੋਏ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੱਜ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਮਨਜ਼ੂਰੀ ਦੇਣ ਦਾ ਸਵਾਗਤ ਕੀਤਾ ਹੈ। ਓਥੋਂ ਫੋਨ ’ਤੇ ਗੱਲ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਸੱਭਿਆਚਾਰਕ ਮਾਮਲੇ ਵਿਭਾਗ ਦਾ ਮਤਾ ਕੇਂਦਰ ਸਰਕਾਰ ਨੇ ਮਨਜ਼ੂਰ ਕੀਤਾ ਹੈ। ਉਨ੍ਹਾਂ ਕਿਹਾ ਕਿ 12 ਕਰੋੜ ਨਾਨਕ ਨਾਮ ਲੇਵਾ ਲੋਕਾਂ ਲਈ ਇਹ ਬੜੀ ਖੁਸ਼ੀ ਦਾ ਦਿਨ ਹੈ, ਜਦੋਂ ਕੇਂਦਰ ਸਰਕਾਰ ਨੇ ਲਾਂਘਾ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਹੈ।

ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਸਿੱਖ ਸੰਗਤ ਨੂੰ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਸਹੂਲਤ ਦੇਣ ਉੱਤੇ ਕੇਂਦਰ ਦੀ ਐੱਨ ਡੀ ਏ ਸਰਕਾਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਸਰਕਾਰ ਨੂੰ ਕੀਤੀ ਰਸਮੀ ਬੇਨਤੀ ਨਾਲ ਚਿਰੋਕਣੀ ਮੰਗ ਨੂੰ ਪੂਰਾ ਕਰਨ ਤੇ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਧਾਮ ਦੇ ਦਰਸ਼ਨਾਂ ਲਈ ਹਰ ਸਿੱਖ ਵੱਲੋਂ ਕੀਤੀ ਜਾਂਦੀ ਅਰਦਾਸ ਦੇ ਰਾਹ ਦੀਆਂ ਰੁਕਾਵਟਾਂ ਦੂਰ ਹੋ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਭਾਰਤੀ ਰੇਲਵੇ ਵੱਲੋਂ ਖਾਸ ਰੇਲ ਗੱਡੀ ਚਲਾਉਣ, ਪ੍ਰਕਾਸ਼ ਉਤਸਵ ਮੌਕੇ ਯਾਦਗਾਰੀ ਸਿੱਕੇ ਤੇ ਡਾਕ ਟਿਕਟਾਂ ਜਾਰੀ ਕਰਨ ਦੇ ਫੈਸਲੇ ਲਈ ਵੀ ਮੋਦੀ ਸਰਕਾਰ ਦਾ ਧੰਨਵਾਦ ਕੀਤਾ ਹੈ। ਇਸੇ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਕੇਂਦਰ ਸਰਕਾਰ ਦੇ ਫੈਸਲਿਆਂ ਦਾ ਸਵਾਗਤ ਕਰਦਿਆਂ ਮੋਦੀ ਸਰਕਾਰ ਦਾ ਧੰਨਵਾਦ ਕੀਤਾ ਹੈ।
























AUJLA LAW OFFICE
NOTARY PUBLIC
Barrister, Solicitor & Notary Public

ਅਸੀਂ ਹਰ ਕਾਨੂੰਨੀ ਸੱਮਸਿਆ ਨੂੰ ਹਲ ਕਰਨ ਵਿੱਚ ਮਦਦ ਕਰਦੇ ਹਾਂ



ਸਿੱਖ ਧਰਮ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੂਰਬ ਦੀਆਂ ਸਮੂਹ ਲੁਕਾਈ ਨੂੰ ਬਹੁਤ ਬਹੁਤ ਵਧਾਈਆਂ

Harsimrat Aujla
Call: 905-564-0040

7045 Edward Blvd,. Unit # 305 Mississauga ON L5S 1X2

VIP AUTO CENTRE



ਵੀਆਈਪੀ ਆਟੋ ਵਲੋਂ ਗੁਰਪੂਰਬ ਦੀ ਲੱਖ ਲੱਖ ਵਧਾਈ



JASBIR SINGH MOGA
(ਮਹਿਣੇਵਾਲੇ)

Safety Certification Available
Muffler & Tire Specialist
New & Used Tires Available

FREE CHECKUP

OIL CHANGE FOR $30 FOR MOST CARS

4 Abacus Rd, Unit # 14
Brampton, L6T 5J6
905-794-1691
647-998-1300



# ਗੁਰੂ ਨਾਨਕ ਦੇਵ ਜੀ ਦੀ ਜੀਵਨ-ਸ਼ੈਲੀ ਅਤੇ ਮੌਜੂਦਾ ਸਿੱਖ

ਡਾ ਗੁਰਬਖ਼ਸ਼ ਸਿੰਘ ਭੰਡਾਲ

ਗੁਰੂ ਨਾਨਕ ਦੇਵ ਜੀ ਦੁਨੀਆਂ ਦੇ ਹਰ ਮਨੁੱਖ ਲਈ ਹਰ ਦੌਰ ਵਿਚ ਸੰਪੂਰਨ ਰੋਲ ਮਾਡਲ ਹਨ। ਸੰਸਾਰਕ, ਅਧਿਆਤਮਿਕ, ਪਰਿਵਾਰਕ ਅਤੇ ਸਮਾਜਿਕ ਪੱਧਰ 'ਤੇ ਇਕ ਅਜੇਹੀ ਮਨੁੱਖੀ ਸ਼ਖਸ਼ੀਅਤ ਦਾ ਬਿੰਬ ਜੋ ਰੌਸ਼ਨ ਚਿਰਾਗ ਬਣ ਕੇ ਹਰ ਵਕਤ ਦੀ ਦਹਿਲੀਜ਼ ਨੂੰ ਰੁੱਸ਼ਨਾ ਰਹੀ ਏ ਅਤੇ ਹਨੇਰੇ ਦੇ ਹਾਮੀ ਭਰਦੇ ਮਨੁੱਖਾਂ ਨੂੰ ਚਾਨਣ ਦੀ ਦੱਸ ਪਾਉਂਦੀ ਏ। ਧਾਰਮਿਕ ਫ਼ਲਸਫ਼ੇ ਦੇ ਮੋਢੀ, ਪ੍ਰਤੀਬੱਧ ਪਤੀ, ਕਾਮਯਾਬ ਕਰਮਵੇਤਾ ਅਤੇ ਸਫ਼ਲ ਕਿਰਸਾਨ। ਵੱਖ-ਵੱਖ ਰਹਿਤਲਾਂ, ਬੋਲੀਆਂ ਅਤੇ ਖੇਤਰਾਂ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਨਾਲ ਮੰਤਰ-ਮੁਗਧ ਕਰਨ ਵਾਲੇ ਨਾਨਕ ਦੇ ਵਾਰਸਾਂ ਨੇ ਆਪਣੇ ਨਾਨਕ ਨੂੰ ਭੁਲਾ ਲਿਆ ਏ। ਅਸੀਂ ਕੂੜ-ਕਸੱਤ ਦੇ ਵਿਉਪਾਰੀ ਬਣਕੇ, ਹਾਉਮੈਂ ਅਤੇ ਲਾਲਚ ਦੇ ਚਿੱਕੜ ਵਿਚ ਖੁੱਭ ਕੇ ਆਪਣੇ ਸਾਹਾਂ ਦੀ ਅਰਥੀ ਢੋਣ ਜੋਗੇ ਰਹਿ ਗਏ ਜਦ ਕਿ ਦੁਨੀਆਂ ਦੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਉਹਨਾਂ ਨੂੰ ਅਜੋਕੇ ਸਮੇਂ ਦਾ ਸਭ ਤੋਂ ਵੱਡਾ ਮਾਰਗ-ਦਰਸ਼ਕ ਅਤੇ ਸਮਿਆਂ ਦੀ ਹਾਣੀ ਸੋਚ ਦਾ ਪੈਗੰਬਰ ਕਹਿੰਦੇ ਨੇ। ਉਹਨਾਂ ਦੀਆਂ ਲਿਖਤਾਂ ਦੇ ਸਦਕੇ ਜਾਂਦੇ, ਉਹਨਾਂ ਦੇ ਦਰਸਾਏ ਮਾਰਗ ਦੇ ਪਾਂਧੀਂ ਬਣਨ ਦੀ ਚੇਸ਼ਟਾ ਮਨ ਵਿਚ ਪਾਲ ਰਹੇ ਨੇ।

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ, ਮਾਨਵੀ ਸੋਚ ਦੇ ਸਿਰਜਕ, ਸਿੱਖ ਫਿਲਾਸਫ਼ੀ ਦੀ ਰਹਿਤਲ ਸਨ ਅਤੇ ਉਹਨਾਂ ਨੇ ਆਪਣੀ ਵਿਚਾਰਧਾਰਾ ਨੂੰ ਆਮ ਲੋਕਾਂ ਤੀਕ ਪਹੁੰਚਾਣ ਲਈ ਚਾਰ ਉਦਾਸੀਆਂ ਰਾਹੀਂ ਦੂਨੀਆਂ ਦਾ ਭਰਮਣ ਕੀਤਾ। ਅੰਦਾਜ਼ਨ 25 ਹਜਾਰ ਮੀਲ ਦਾ ਸਫ਼ਰ ਕਰਨ ਵਾਲੇ ਗੁਰੂ ਜੀ ਪ੍ਰਚਾਰਕ, ਸਮਾਜ-ਸੁਧਾਰਕ ਅਤੇ ਤਰਕਸ਼ੀਲ ਸੋਚ ਦੇ ਪੈਗੰਬਰ ਦੇ ਰੂਪ ਵਿਚ ਪਾਕ ਵਿਚਾਰਧਾਰਾ ਨੂੰ ਆਪਣੇ ਵਿਰੋਧੀਆਂ ਤੀਕ ਪਹੁੰਚਾਣ ਵਿਚ ਸਭ ਤੋਂ ਜ਼ਿਆਦਾ ਨਿਪੁੰਨ ਤੇ ਸਾਜ਼ਗਾਰ ਸਿੱਧ ਹੋਏ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ, ਉਹਨਾਂ ਦੀਆਂ ਸਿਖਿਆਵਾਂ ਦਾ ਪਾਕ-ਦਰਪਣ ਏ। ਉਹਨਾਂ ਦੇ ਜੀਵਨ ਵਿਚੋਂ ਹੀ ਅਸੀਂ ਉਹਨਾਂ ਦੇ ਪ੍ਰਵਚਨਾਂ ਨੂੰ ਪੜ੍ਹ, ਸੁਣ ਅਤੇ ਆਪਣੇ ਜੀਵਨ ਵਿਚ ਢਾਲ ਕੇ ਜੀਵਨ ਨੂੰ ਨਿਵੇਕਲੀਆਂ ਅਤੇ ਉਚਤਮ ਤਰਜ਼ੀਹਾਂ ਵੰਨੀਂ ਸੇਧਤ ਕਰ ਸਕਦੇ ਹਾਂ। ਉਹਨਾਂ ਦੀ ਸਮੁੱਚੀ ਬਾਣੀ ਸਮਾਜਿਕ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ, ਹਰ ਪਾਠਕ, ਸ਼ਰਧਾਲੂ ਜਾਂ ਸੇਵਕ ਦੇ ਮਨ ਵਿਚ ਉਚੀ-ਸੁੱਚੀ ਜੀਵਨ-ਸ਼ੈਲੀ ਦਾ ਬਿੰਬ ਉਸਾਰਦੀ ਹੈ। ਇਸ ਬਿੰਬ ਵਿਚੋਂ ਹੀ ਅਸੀਂ ਖੁਦ ਨੂੰ ਨਿਹਾਰ, ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਦੇ, ਆਪੇ ਨੂੰ ਪਰਖ ਅਤੇ ਪੜਚੋਲ ਸਕਦੇ ਹਾਂ ਕਿ ਅਸੀਂ ਕਿੰਨੇ ਕੁ ਗੁਰੂ ਜੀ ਦੇ ਸੱਚੇ ਸ਼ਰਧਾਲੂ ਹਾਂ? ਅਸੀਂ ਜੀਵਨ ਸਿੱਖੀ ਸਿਖਿਆਵਾਂ ਅਨੁਸਾਰ ਕਿਵੇਂ ਆਪੇ ਨੂੰ ਢਾਲਿਆ ਏ? ਕੀ ਅਸੀਂ ਸਿੱਖ-ਸੋਚ ਅਤੇ ਬਾਣੀ ਵਿਚਲੀ ਸੇਧ ਅਨੁਸਾਰ ਆਪਣਾ ਨਿੱਤਾਪ੍ਰਤੀ ਦਾ ਜੀਵਨ ਜਿਉਂਦੇ ਹਾਂ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਸਿੱਖੀ ਦਾ ਲਿਬਾਸ ਪਹਿਨਣ ਤੀਕ ਹੀ ਸੀਮਤ ਹੋ ਗਏ ਹਾਂ? ਅਸਾਡੇ ਕਰਮ ਤੇ ਧਰਮ ਵਿਚ ਕਿੱਡਾਕੁ ਪਾੜਾ ਏ? ਕੀ ਇਸਦੀ ਪੂਰਨਤਾ ਵੱਲ ਕਦੇ ਕੋਈ ਕਦਮ ਉਠਾਇਆ ਏ ਜਾਂ ਕਦੇ ਇਸ ਬਾਰੇ ਸਾਡੇ ਮਨ ਵਿਚ ਕੋਈ ਸੋਚ ਵੀ ਪੈਦਾ ਹੋਈ ਏ? ਬਹੁਤ ਵੱਡੇ ਸਵਾਲ ਨੇ ਅਜੋਕੇ ਸਿੱਖ ਦੇ ਸਨਮੁੱਖ। ਜਦ ਅਸੀਂ ਗੁਰੂ ਜੀ ਦੇ 550ਵੇਂ ਜਨਮ ਦਿਨ ਨੂੰ ਸੰਸਾਰਕ ਪੱਧਰ'ਤੇ ਮਨਾਉਣ ਦਾ ਉਦਮ ਕਰ ਰਹੇ ਹਾਂ ਤਾਂ ਇਸ ਬਾਰੇ ਸੋਚਣਾ ਹੋਰ ਵੀ ਅਹਿਮ ਤੇ ਮਹੱਤਵਪੂਰਨ ਹੈ। ਕੀ ਧਾਰਮਿਕ ਅਦਾਰਿਆਂ ਦੀ ਅਹਿਮੀਅਤ ਗਵਾਚ ਗਈ ਹੈ? ਕੀ ਧਾਰਮਿਕ ਪਾਖੰਡਵਾਦ ਅਤੇ ਨਿੱਜ-ਪ੍ਰਸਤੀ ਹਾਵੀ ਹੋ ਗਈ ਏ ਜਿਸਦਾ ਗੁਰੂ ਜੀ ਨੇ ਖੰਡਨ ਕੀਤਾਸੀ? ਕੀ ਧਾਰਮਿਕ ਆਗੂਆਂ ਦਾ ਜੀਵਨ ਸਿੱਖੀ ਸਿਧਾਂਤਾਂ ਅਨੁਸਾਰ ਏ? ਕੀ ਅਜੋਕੇ ਧਾਰਮਿਕ ਰਹਿਨੁਮਾ ਪਲੀਤ ਹੋਏ ਬਿੰਬ ਨੂੰ ਪਾਕ ਕਰਨ ਲਈ ਤੱਤਪਰ ਨੇ? ਬਹੁਤ ਸਾਰੇ ਪ੍ਰਸ਼ਨ ਚੇਤਨ ਮਨ ਵਿਚ ਉਠਦੇ ਨੇ ਅਤੇ ਉਹ ਇਹਨਾਂ ਦੇ ਸਹੀ ਜਵਾਬ ਦੀ ਤਲਾਸ਼ ਵਿਚ ਏ।

ਸਿੱਖ ਧਰਮ, ਇਕ ਸੁੱਰਖ-ਸੋਚ, ਕਿਰਤੀ-ਵਿਚਾਰਧਾਰਾ, ਜੀਵਨ-ਸ਼ੈਲੀ , ਤਰਕਸ਼ੀਲਤਾ ਤੇ ਵਿਗਿਆਨਕ ਸੋਚ ਦਾ ਉਭਾਰ ਹੈ। ਕੁਦਰਤ ਦੇ ਹਰ ਪਹਿਲੂ ਨੂੰ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਪਰਿਭਾਸ਼ਤ ਅਤੇ ਵਿਸਥਾਰਨ ਦਾ ਸੁਚਾਰੂ ਉਦਮ ਏ। ਪਰ ਅਸੀਂ ਇਸਨੂੰ ਸਮਝਣ ਅਤੇ ਖੁਦ 'ਤੇ ਲਾਗੂ ਕਰਨ ਤੋਂ ਅਵੇਸਲੇ ਹੋ ਗਏ ਹਾਂ। ਗੁਰੂ ਨਾਨਕ ਦੇਵ ਜੀ ਦੀ ਸੋਚ ਨੂੰ ਪ੍ਰਚਾਰਨ ਅਤੇ ਇਸਦੇ ਬਹੁਮੁੱਖੀ ਪਾਸਾਰਾਂ ਨੂੰ ਦੁਨੀਆਂ ਦੇ ਹਰ ਵਰਗ ਤੀਕ ਪਹੁੰਚਾਣ ਦੇ ਬਜਾਏ ਅਸੀਂ ਇਸਨੂੰ ਮਿਥਿਹਾਸਕ ਅਤੇ ਤਰਕਹੀਣ ਤੱਥਾਂ ਵੱਲ ਸੇਧਤ ਕਰ, ਇਸਨੂੰ ਸੰਗੋੜਨ ਦੇ ਰਾਹ ਤੁੱਰ ਪਏ ਹਾਂ ਜਦ ਕਿ ਇਸਨੂੰ ਵਿਸਥਾਰਨ ਦੀ ਲੋੜ ਹੈ ਕਿਉਂਕਿ ਸਿੱਖੀ ਦੀ ਸ਼ਬਦ-ਵਿਚਾਰਧਾਰਾ ਅਜੋਕੇ ਸਮਿਆਂ ਵਿਚ ਸਭ ਤੋਂ ਵੱਧ ਲੋੜੀਂਦੀ ਅਤੇ ਮੌਜੂਦਾ ਪ੍ਰਸਥਿੱਤੀਆਂ ਵਿਚ ਗਵਾਚ ਰਹੀ ਮਨੁੱਖਤਾ ਲਈ ਅਤਿ ਜਰੂਰੀ ਏ। ਇਹ ਤਾਂ ਇਕ ਮਾਰਗ ਦਰਸ਼ਨਾ ਏ ਜਿਸਨੇ ਕੁਰਾਹੇ ਪਏ ਸਮਾਜ ਨੂੰ ਸੇਧ ਦੇ ਕੇ ਸੁਚਾਰੂ ਉਪਰਾਲਿਆਂ ਵੰਨੀਂ ਤੋਰਨਾ ਏ। ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ 'ਤੇ ਝਾਤ ਮਾਰਿਆਂ ਅਤੇ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਨੂੰ ਬਾਰੀਕ-ਬੀਨੀ ਨਾਲ ਦੇਖਿਆਂ, ਸਾਨੂੰ ਇਹ ਸਪੱਸ਼ਟ ਹੋ ਜਾਵੇਗਾ ਕਿ ਉਹਨਾਂ ਦਾ ਜੀਵਨ ਇਕ ਉਤਮ ਪੁਰਖ ਦਾ ਜੀਵਨ ਸੀ। ਬਾਪ ਵਲੋਂ ਵਪਾਰ ਲਈ ਮਿਲੇ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ-ਪ੍ਰਥਾ ਦਾ ਮੁੱਢ ਬੰਨਣ ਵਾਲੇ ਬਾਬੇ ਨਾਨਕ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਸਦੇ ਸ਼ਰਧਾਲੂ ਲੰਗਰ ਪ੍ਰਥਾ ਨੂੰ ਇੰਨਾ ਗੰਧਲਾ ਕਰ ਦੇਣਗੇ ਕਿ ਲੰਗਰ ਦੇ ਨਾਮ 'ਤੇ ਭੋਜਨ ਦੀ ਦੁਰਗਤੀ ਹੋਵੇਗੀ। ਕਈ ਕਿਸਮਾਂ ਦੇ ਭੋਜਨ ਲੰਗਰ ਦੇ ਨਾਮ 'ਤੇ ਪਰੋਸੇ ਜਾਣਗੇ ਅਤੇ ਰੱਜਿਆਂ ਨੂੰ ਰਜਾਉਣ ਲਈ ਹੀ ਥਾਂ ਥਾਂ 'ਤੇ ਲੰਗਰ ਲਾਏ ਜਾਣਗੇ। ਸੜਕਾਂ 'ਤੇ ਰੋਕਾਂ ਲਾ ਕੇ, ਆਮ ਲੋਕਾਂ ਦੀ ਜੀਵਨ-ਰਫ਼ਤਾਰ ਨੂੰ ਉਲਝਾਇਆ ਜਾਵੇਗਾ। ਪਲਾਸਟਿਕ ਦੇ ਪਲੇਟਾਂ, ਕੱਪਾਂ ਅਤੇ ਭੋਜਨ ਦੀ ਰਹਿੰਦ-ਖੂੰਹਦ ਕਈ ਕਈ ਦਿਨਾਂ ਤੀਕ ਸੜਿਹਾਂਦ ਪੈਦਾ ਕਰਦੀ, ਅਜੇਹਾ ਪ੍ਰਦੂਸ਼ਣ ਪੈਦਾ ਕਰੇਗੀ ਜੋ ਕਈ ਸਾਲਾਂ ਤੀਕ ਧਰਤੀ ਅਤੇ ਵਾਤਾਵਰਣ ਨੂੰ ਪਲੀਤ ਕਰਦਾ ਰਹੇਗਾ। ਕੀ ਅਸੀਂ ਲੰਗਰ ਨੂੰ ਲੰਗਰ ਰਹਿਣ ਦਿਤਾ ਏ? ਸਿਹਤ ਨਾਲ ਖਲਵਾੜ ਕਰਦੇ ਲੰਗਰ ਦੇ ਰੂਪ ਵਿਚ ਪਰੋਸੇ ਜਾ ਰਹੇ ਵੱਖ ਵੱਖ ਪ੍ਰਕਾਰ ਦੇ ਖਾਣੇ, ਕੀ ਨਾਨਕ-ਸੋਚ ਨੂੰ ਪ੍ਰਗਟ ਕਰਦੇ ਨੇ? ਅਸੀਂ ਇਸ ਨਾਲ ਕੀ ਸਿੱਧ ਕਰਨਾ ਚਾਹੁੰਦੇ ਹਾਂ? ਲੰਗਰ ਪ੍ਰਥਾ ਨੂੰ ਢਾਹ ਲਾਉਣ ਦੇ ਰਾਹ ਕਿਉਂ ਪਏ ਹਾਂ? ਭੋਜਨ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਧਾਰਮਿਕ ਆਗੂ ਕਿਉਂ ਅਵੇਸਲੇ ਨੇ? ਥਾਂ ਥਾਂ 'ਤੇ ਲੱਗ ਰਹੇ ਲੰਗਰਾਂ ਵਿਚੋਂ ਕਿਹੜਾ ਸਿੱਖੀ ਪਿਆਰ ਦਿਖਾ ਰਹੇ ਹਾਂ? ਦੁਨੀਆਂ ਵਿਚ ਬਹੁਤ ਲੋਕ ਭੁੱਖੇ ਅਤੇ ਲੋੜਵੰਦ ਨੇ ਜਿਹਨਾਂ ਦੀਆਂ ਲੋੜਾਂ ਨੂੰ ਲੰਗਰ ਦੇ ਬੇਲੋੜਾ ਖਰਚੇ ਨਾਲ ਪੂਰਾ ਕੀਤਾ ਜਾ ਸਕਦਾ ਏ। ਅਸੀਂ ਉਸ ਰਾਹ ਕਿਉਂ ਨਹੀਂ ਤੁੱਰਦੇ? 'ਖਾਲਸਾ ਏਡ' ਵਰਗੀਆਂ ਸੰਸਥਾਵਾਂ ਬਹੁਤ ਸੁਚਾਰੂ ਕੰਮ ਕਰ ਰਹੀਆਂ ਨੇ। ਵਿਦੇਸ਼ਾਂ ਵਿਚਲੇ ਬਹੁਤ ਸਾਰੇ ਗੁਰਦੁਆਰਿਆਂ ਵਿਚ ਲੰਗਰ ਨੂੰ ਅਸੀਂ ਇਕ ਹੋਟਲ-ਨੁਮਾ ਖਾਣਾ ਬਣਾ ਦਿਤਾ ਅਤੇ ਜ਼ਿਆਦਾਤਰ ਲੋਕ ਉਥੇ ਪੰਜ-ਸਿਤਾਰਾ ਖਾਣਾ ਖਾਣ ਹੀ ਜਾਂਦੇ ਨੇ। ਅਫਸੋਸ ਇਸ ਗੱਲ ਦਾ ਕਿ ਲੰਗਰ ਵਿਚੋਂ ਚੁੱਕਵੀਂ ਰੋਟੀ ਦਾ ਰਿਵਾਜ਼ ਵੀ ਆਮ ਹੈ। ਕਿੰਨਾ ਸ਼ਰਮਨਾਕ ਹੈ ਕਿ ਅਸੀਂ ਲੰਗਰ ਨੂੰ ਹੋਮਲੈੱਸ ਲੋਕਾਂ ਤੀਕ ਜਾਂ ਲੋੜਵੰਦਾਂ ਤੀਕ ਪਹੁੰਚਾਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਕੀ ਪ੍ਰਬੰਧਕਾਂ ਅਤੇ ਸਿੱਖ-ਆਗੂਆਂ ਨੇ ਇਸ ਬਾਰੇ ਕਦੇ ਸੋਚਿਆ ਏ ਜੋ ਖੁਦ ਨੂੰ ਸਿੱਖੀ ਸੋਚ ਨੂੰਪ੍ਰਣਾਏ ਕਹਾਉਂਦੇ ਨੇ? ਲੰਗਰ, ਲੰਗਰ ਹੀ ਰਹੇ ਤਾਂ ਇਹ ਮਨੁੱਖੀ ਸੋਚ ਵਿਚ ਵੀ ਸੁੱਚਮ ਅਤੇ ਸਾਦਗੀ ਪੈਦਾ ਕਰੇਗਾ ਜੋ ਲੰਗਰ ਦੀ ਆਤਮਾ ਦਾ ਸੂਖਮ ਸੰਦੇਸ਼ ਏ। ਲੰਗਰ ਰਾਹੀਂ ਤਾਜਾ ਅਤੇ ਪੌਸ਼ਟਿਕ ਖਾਣਾ ਸਾਨੂੰ ਗੁਰੂਆਂ ਨੇ ਵਿਰਾਸਤੀ ਰੂਪ ਵਿਚ ਦਿਤਾ ਸੀ। ਅਸੀਂ ਇਸਤੋਂ ਹੀ ਮੁਨਕਰ ਹੋਈ ਜਾ ਰਹੇ ਹਾਂ ਅਤੇ ਸਰੀਰਕ ਅਲਾਮਤਾਂ ਨੂੰ ਸੱਦਾ ਦੇ ਰਹੇ ਹਾਂ। ਵਾਸਤਾ ਈ! ਲੰਗਰ ਨੂੰ ਉਹੀ ਲੰਗਰ ਰਹਿਣ ਦਿਓ ਜੋ ਬਾਬੇ ਨਾਨਕ ਦੀ ਬਖ਼ਸ਼ਿਸ਼ ਏ।

ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਥੀ ਜੀਵਨ ਵਿਚ ਰੰਗ ਕੇ ਆਪਣੇ ਅਧਿਆਤਮਿਕ ਜੀਵਨ ਦੀ ਸ਼ੁਰੂਆਤ ਕੀਤੀ। ਪਰਾਇਆ ਧਨ ਅਤੇ ਪਰਾਈ ਇਸਤਰੀ ਤੋਂ ਨਿਰਲੇਪ ਰਹਿਣ ਦੇ ਸੰਦੇਸ਼ ਦੀ ਸਾਰਥਿਕਤਾ ਨੂੰ ਕਿਵੇਂ ਅਸੀਂ ਉਲੰਘ ਰਹੇ ਹਾਂ, ਇਹ ਇਸ ਤੱਥ ਤੋਂ ਸਪੱਸ਼ਟ ਹੈ ਕਿ ਕੁਝ ਧਾਰਮਿਕ ਆਗੂ ਅਤੇ ਸਿਰਕਰਦਾ ਸਿੱਖ ਲੀਡਰ ਇਹਨਾਂ ਦੋਹਾਂ ਅਲਾਮਤਾਂ ਵਿਚ ਗ੍ਰਸੇ, ਸਿੱਖੀ-ਲਿਬਾਸ ਨੂੰ ਸ਼ਰਮਸਾਰ ਕਰ ਰਹੇ ਹਨ। ਸੱਚੀ-ਸੁੱਚੀ ਕਿਰਤ ਰਾਹੀਂ ਸੁਲਤਾਨਪੁਰ ਲੋਧੀ ਵਿਚ ਮੋਦੀਖਾਨੇ ਦੀ ਨੌਕਰੀ ਕਰਦਿਆਂ, ਇਮਾਨਦਾਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੇ ਗੁਰੂ ਜੀ ਦੇ ਅਸੀਂ ਕਿਹੋ ਜਿਹੇ ਸੇਵਕ ਹਾਂ ਕਿ ਅਸੀਂ ਬੇਈਮਾਨੀ 'ਤੇ ਫਖ਼ਰ ਕਰਦੇ ਹਾਂ। ਹੇਰਾਫੇਰੀ, ਰਿਸ਼ਵਤ ਅਤੇ ਕਮੀਨਗੀ ਸਾਡੇ ਸਾਹਾਂ ਵਿਚ ਰੱਚ ਗਈ ਏ। ਇਹ ਪਾਪ ਦੀ ਕਮਾਈ ਘਰ ਵਿਚ ਆ ਕੇ, ਸਮਾਜਿਕ ਅਤੇ ਪਰਿਵਾਰਕ ਉਲਝਣਾਂ ਦਾ ਮੁੱਢ ਬੰਨਦੀ, ਨਸ਼ਿਆਂ, ਬਲਾਤਕਾਰਾਂ, ਕਤਲਾਂ ਅਤੇ ਰਿਸ਼ਤਿਆ ਬਾਹਰੋ ਸਬੰਧਾਂ ਬਣਾਉਣ ਲਈ ਉਤੇਜਿੱਤ ਕਰਦੀ ਏ। ਕਲੰਕਤ ਅਲਾਮਤਾਂ ਵਿਚ ਉਲਝ ਕੇ ਜੀਵਨ ਦੀ ਸਾਰਥਿਕਤਾ ਅਤੇ ਸੁੱਚਮਤਾ ਨੂੰ ਗਵਾਉਣ ਲਈ ਅਸੀਂ ਕਾਹਲੇ ਹੋਏ ਬੈਠੇ ਹਾਂ। ਕੀ ਗੁਰੂ ਨਾਨਕ ਦੇਵ ਜੀ ਦਾ ਨੌਕਰੀ ਕਰਨ ਵਾਲਾ ਸਿਧਾਂਤ ਸਾਡੀ ਸੋਚ ਦਾ ਹਿੱਸਾ ਬਣਿਆ ਏ? ਕੀ ਅਸੀਂ ਇਮਾਨਦਾਰੀ ਵਿਚੋਂ ਹੀ ਜੀਵਨ ਦਾ ਸਚਿਆਰਾਪਣ ਸਿਰਜਣ ਵਾਲੇ ਗੁਰੂ ਜੀ ਦੇ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਕੋਈ ਨੌਕਰੀ, ਵਪਾਰ ਜਾਂ ਲੈਣ-ਦੇਣ ਵਿਚ ਪਾਕ ਹਾਂ? ਕਿਉਂਅਸੀਂ ਪਾਪ ਦੀ ਕਮਾਈ ਨੂੰ 'ਕੱਠਾ ਕਰਨ ਲਈ ਉਤਾਵਲੇ ਹਾਂ? ਖੁਦ ਦੀ ਆਤਮਿਕਤਾ ਨੂੰ ਗੰਧਲਾਉਣ ਵਿਚ ਕਿਉਂ ਰੁਚਿੱਤ ਹਾਂ? ਅਸੀਂ ਗੁਰਬਾਣੀ ਵਿਚਲੇਸੰਦੇਸ਼ ਨੂੰ ਅੰਤਰੀਵ ਵਿਚ ਵਸਾਉਣ ਤੋਂ ਮੁਨਕਰ ਹਾਂ। ਅਜੇਹਾ ਕਿਉਂ? ਕੀ ਅਸੀਂ ਮਖੌਟਾਧਾਰੀ ਹਾਂ? ਕੀ ਅਸੀਂ ਸਿੱਖ ਬਣਨ ਦੇ ਕਾਬਲ ਹਾਂ? ਕੀ ਗੁਰੂ ਜੀ ਦਾ ਜੀਵਨ ਸਾਡੇ ਲਈ ਪ੍ਰੇਰਨਦਾਇਕ ਨਹੀਂ? ਕੀ ਮੋਦੀਖਾਨੇ ਦੇ ਵੱਟਿਆਂ ਨੂੰ ਨੱਤਮਸਤਕ ਹੋਣਾ ਹੀ ਸਾਡੀ ਆਸਥਾ ਰਹਿ ਗਈ ਏ?

ਜਪੁਜੀ ਸਾਹਿਬ ਦੇ ਮੂਲ ਮੰਤਰ ਰਾਹੀ ਸਿੱਖ-ਜੋਤ ਜਗਾਉਣ ਵਾਲੇ ਗੁਰੂ ਜੀ ਦੇ ਪੈਰੋਕਾਰ,ਘਰ ਘਰ ਡੇਰੇ ਬਣਾ ਕੇ ਖੁਦ ਹੀ ਗੁਰੂ-ਡੰਮ ਦਾ ਰਾਗ ਅਲਾਪ ਰਹੇ ਨੇ। ਕੀ ਇਹਨਾਂ ਦੀ ਸੋਚ ਵਿਚ ਕਦੇ ਮੂਲ ਮੰਤਰ ਦੀ ਆਤਮਾ ਦਾ ਨਿਵਾਸ ਹੋਇਆ ਏ? ਖੁਦ ਨੂੰ ਗੁਰੂ ਆਖ ਕੇ ਖੁਦ ਦੀ ਪੂਜਾ ਕਰਵਾਉਣ ਵਾਲੇ ਅਤੇ ਗੁਫ਼ਾਂਵਾਂ ਤੇ ਭੋਰਿਆਂ ਵਿਚ ਕੁਕਰਮ ਬੀਜਣ ਅਤੇ ਬੁੱਤ-ਪ੍ਰਸਤੀ ਵਿਚੋਂ ਹੀ ਰੱਬ ਨੂੰ ਪਾਉਣ ਦਾ ਹੋਕਰਾ ਦੇਣ ਵਾਲੇ, ਇਹ ਰੱਬ ਬਣੇ ਲੋਕ ਕਿਧਰੇ ਸਿੱਖੀ ਬਾਣੇ ਵਿਚ ਸਿੱਖੀ ਦੇ ਦੁਸ਼ਮਣ ਤਾਂ ਨਹੀਂ? ਕੀ ਅਜੇਹੇ ਲੋਕ ਸਿੱਖ-ਸਿਧਾਤਾਂ ਤੇ ਸਿੱਖੀ-ਸਰੋਕਾਰਾਂ ਨੂੰ ਖੋਰਾ ਲਾਉਣ ਅਤੇ ਸਿੱਖ ਵਿਚਾਰਾਂ ਨੂੰ ਗੰਧਲਾ ਕਰਨ ਲਈ, ਦੋਖੀ ਤਾਕਤ ਵਲੋਂ ਘੁਸਪੈਠ ਤਾਂ ਨਹੀਂ ਕਰਵਾਏ ਗਏ? ਸਿੱਖਾਂ ਨੂੰ ਸੇਧ ਅਤੇ ਸੰਦੇਸ਼ ਦੇਣ ਵਾਲੇ ਸਰਬਉਚਮ ਸੰਸਥਾਵਾਂ ਦੇ ਮੋਹਰੀ ਕਿਧਰੇ ਕੋਝੀ ਚਾਲ ਦਾ ਸ਼ਿਕਾਰ ਤਾਂ ਨਹੀਂ ਹੋ ਗਏ? ਕੀ ਸਿੱਖ ਫਿਲਾਸ਼ਫ਼ੀ ਨੂੰ ਖੋਰਾ ਲਾਇਆ ਜਾ ਰਿਹਾ ਏ? ਕੀ ਕਾਰਨ ਹੈ ਕਿ ਕੁਝ ਬਾਬੇਰਾਜਸੀ ਅਤੇ ਧਾਰਮਿਕ ਪੁਸ਼ਤਪਨਾਹੀ ਕਾਰਨ ਖੁਦ ਦੀ ਸਲਤਨਤ ਉਸਾਰਨ ਵਿਚ ਮੋਹਰੀ ਨੇ?ਅਸੀਂ ਮੂਕ ਦਰਸ਼ਕ ਕਿਉਂ ਬਣੇ ਬੈਠੇ ਹਾਂ? ਕੀ ਅਸੀਂ ਸਿੱਖੀ ਸੋਚ ਦੇ ਵਾਰਸ ਹਾਂ? ਦੋਗਲੀ ਸਖਸ਼ੀਅਤ ਨੇ



ਸਾਡੇ ਖੋਖਲੇਪਣ ਨੂੰ ਜ਼ਾਹਰ ਕਰ ਦਿਤਾ ਏ।

ਗੁਰੂ ਨਾਨਕ ਦੇਵ ਜੀ ਜਦ ਉਦਾਸੀ ਨੂੰ ਤੁੱਰਦੇ ਨੇ ਤਾਂ ਗੁਰਬਾਣੀ ਨੂੰ ਆਮ ਲੋਕਾਂ ਤੀਕ ਪਹੁੰਚਾਣ ਅਤੇ ਸੰਗੀਤ ਰਾਹੀਂ ਲੋਕ-ਮਾਨਸਿਕਤਾ ਵਿਚ ਵਸਾਉਣ ਲਈ ਬਚਪਨ ਦੇ ਸਾਥੀ ਮਰਦਾਨਾ ਰਬਾਬੀ ਨੂੰ ਨਾਲ ਲੈਂਦੇ ਨੇ। ਇਹ ਅਚੇਤ ਰੂਪ ਵਿਚ ਧਾਰਮਿਕ ਕੱਟੜਤਾ ਨੂੰ ਚੁਣੌਤੀ ਸੀ। ਜਾਤ-ਪਾਤ ਦੇ ਪਾੜੇ ਨੂੰ ਉਲੰਘ ਕੇ ਨੀਵੀਂ ਜਾਤ ਵਾਲੇ ਮਰਦਾਨੇ ਨੂੰ ਬਰਾਬਰ ਦਾ ਰੁੱਤਬਾ ਦੇ ਕੇ, ਉਦਾਸੀਆਂ ਦਾ ਸਦੀਵੀ ਸਾਥੀ ਬਣਾਉਣਾ, ਉਸ ਸਮੇਂ ਦੀ ਸਮਾਜਿਕ ਨਾ-ਬਰਾਬਰੀ ਨੂੰ ਬਰਾਬਰੀ ਵਿਚ ਤਬਦੀਲ ਕਰਨ ਦਾ ਪਲੇਠਾ ਉਦਮ ਸੀ। ਅਜੋਕੇ ਸਿੱਖ ਤਾਂ ਜਾਤਾਂ ਵਿਚ ਹੀ ਉਲਝ ਕੇ ਰਹਿ ਗਏ ਨੇ। ਜੱਟਾਂ, ਲੁਬਾਣਿਆਂ, ਰਾਮਦਾਸੀਆਂ, ਰਾਮਗੜੀਆਂ ਆਦਿ ਵੱਖ-ਵੱਖ ਫਿਰਕਿਆਂ ਨੇ ਆਪੋ-ਆਪਣੇ ਗੁਰਦੁ-ਆਰੇ ਬਣਾ ਕੇ,ਗੁਰਬਾਣੀ ਵਿਚਲੀ ਸਰਬ-ਪ੍ਰਮਾਣਕਿਤਾ ਅਤੇ ਸਭ ਵਰਗਾਂ ਲਈ ਸਤਿਕਾਰ ਨੂੰ ਢਾਹ ਲਾਈ ਏ। ਬਾਬਾ ਨਾਨਕ ਜੀ ਦੀ ਆਤਮਾ ਵਿਚਲੀ ਕੁਰਲਾਹਟ ਅਤੇ ਗੁਰਬਾਣੀ ਦੀ ਤਰਾਸਦੀ ਨੂੰ ਕਿੰਝ ਕਿਆਸੋਗੇ ਅਤੇ ਕਿੰਝ ਨਾਨਕ-ਸੋਚ ਨੂੰ ਮੁਖਾਤਬ ਹੋਵ-ੋਗੇ? ਗੁਰਦੁਆਰਾ ਤਾਂ ਸਭ ਲਈ ਸਾਂਝਾ ਹੋਣਾ ਚਾਹੀਦਾ ਏ। ਪਰ ਅਸੀਂ ਸਿੱਖੀ ਦੇ ਸੇਵਕ ਹੋ ਕੇ ਖਾਸ ਜਾਤ/ਵਰਗ ਦੇ ਵਿਅਕਤੀਆਂ ਲਈ ਪਾਬੰਦੀਆਂ ਦੇ ਰਾਹ ਤੁੱਰ ਪਏ ਹਾਂ। ਕੀ ਇਹ ਸਿੱਖੀ ਹੈ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਸਿੱਖੀ-ਜੋਤ ਦੀ ਕੋਈ ਕਿਰਨ ਸਾਡੀ ਮਾਨਸਿਕਤਾ ਵਿਚ ਚਾਨਣ ਨਹੀਂ ਬਿਖੇਰਦੀ ? ਕੀ ਅਸੀਂ ਸ਼ਬਦ-ਗੁਰੂ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾਇਆ ਏ?

ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਚਾਰ ਦਿਸ਼ਾਵਾਂ ਵਿਚ ਕੀਤੀਆਂ ਅਤੇ ਵੱਖ-ਵੱਖ ਖੇਤਰਾਂ ਦੇ ਲੋਕਾਂ, ਵੱਖੋ ਵੱਖਰੇ ਧਰਮਾਂ ਦੇ ਲੋਕਾਂ ਨੂੰ ਉਹਨਾਂ ਦੀ ਭਾਸ਼ਾ ਅਤੇ ਉਹਨਾਂ ਦੇ ਰੰਗ ਵਿਚ ਖੁਦ ਨੂੰ ਰੰਗ ਕੇ ਸਿੱਖ-ਸੋਚ ਅਤੇ ਫਿਲਾਸਫ਼ੀ ਨੂੰ ਪ੍ਰਚਾਰਿਆ। ਇਕ ਤਰਕ ਸੀ ਉਹਨਾਂ ਦੇ ਪ੍ਰਵਚਨਾਂ ਵਿਚ ਅਤੇ ਇਕ ਪੁਖਤਾ ਦਲੀਲ ਸੀ ਉਹਨਾਂ ਦੇ ਹਰ ਬੋਲ ਵਿਚ। ਉਹ ਸੱਚ ਨੂੰ ਸੱਚ ਕਹਿਣ ਤੋਂ ਕਦੇ ਵੀ ਹਿੱਚਕਚਾਂਦੇ ਨਹੀਂ ਸਨ। ਭਾਵੇਂ ਉਹ ਬਾਦਸ਼ਾਹ ਬਾਬਰ ਹੋਵੇ, ਮਲਕ ਭਾਗੋ ਹੋਵੇ, ਸਿੱਧ ਯੋਗੀ ਹੋਣ, ਮੌਲਵੀ ਜਾਂ ਪੰਡਤ ਹੋਣ। ਉਹਨਾਂ ਨੇ ਪ੍ਰਚਲਤ ਵਹਿਮਾਂ/ਭਰਮਾਂ ਅਤੇ ਥੋਥੇ ਵਿਚਾਰਾਂ ਨੂੰ ਆਪਣੇ ਤਰਕਸ਼ੀਲ ਵਿਚਾਰਾਂ ਦੀ ਸਾਣ ਨਾਲ ਖੂੰਢੇ ਕੀਤਾ ਅਤੇ ਅਗਿਆਨ ਦੀ ਹਨੇਰ-ਜੂਹ ਵਿਚ ਅਜੇਹੀ ਚਾਨਣ ਕਾਤਰ ਧਰੀ ਕਿ ਸਭ ਲੋਕ ਉਹਨਾਂ ਦੇ ਮੁਰੀਦ ਹੋ ਗਏ। ਅਸੀਂ ਉਹਨਾਂ ਦੀਆਂ ਬਾ-ਕਮਾਲ, ਬਾ-ਦਲੀਲ ਅਤੇ ਤਰਕਸ਼ੀਲ ਵਿਚਾਰਧਾਰਾ ਨੂੰ ਨਿਕਾਰ ਨੇ ਇਸਨੂੰ ਕਰਾਮਾਤੀ ਰੰਗਣ ਵਿਚ ਅਜੇਹਾ ਰੰਗਿਆ ਕਿ ਉਹਨਾਂ ਦੀ ਸੋਚ ਨੂੰ ਧੁੰਧਲਾ ਕਰਨ ਵਿਚ ਸਿੱਖ ਪ੍ਰਚਾਰਕ, ਮਿਥਿਹਾਸਕ ਸਾਖੀਆਂ ਜਾਂ ਕੱਚਘੜ ਲੇਖਕ ਹੀ ਸਭ ਤੋਂ ਮੋਹਰੀ ਨੇ। ਵਿਗਿਆਨਕ ਨਜ਼ਰੀਆ ਅਤੇ ਤੱਥ ਭਰਪੂਰ ਦਲੀਲ ਰਾਹੀਂ ਸਿੱਖ ਧਰਮ ਨੂੰ ਦੁਨੀਆਂ ਦੇ ਵੱਡੇ ਹਿੱਸੇ ਵਿਚ ਫੈਲਾਉਣ ਵਾਲੇ ਗੁਰੂ ਦੇ ਸਿੱਖਾਂ ਦੀ ਕੇਹੀ ਮਾਨਸਿਕਤਾ ਬਣ ਗਈ ਏ ਕਿ ਉਹ ਅਜੋਕੇ ਸਮਿਆਂ ਵਿਚ ਤਰਕ ਅਤੇ ਦਲੀਲ ਤੋਂ ਕੋਰੇ ਨੇ। ਉਹਨਾਂ ਕੋਲ ਸਿਰਫ਼ ਦੂਸਰੀ ਧਿਰ ਨੂੰ ਡਰਾਉਣ, ਧਮਕਾਉਣ ਜਾਂ ਹਸਤੀ ਮਿਟਾਉਣ ਵਾਲਾ ਮਾਰਗ ਹੀ ਇਕ ਬਦਲ ਰਹਿ ਗਿਆ ਏ। ਕਿਉਂ ਨਹੀਂ ਨਾਨਕ ਦੇ ਸਿੱਖ ਉਸਦੀ ਸੋਚ ਨੂੰ ਅਪਣਾ, ਹਰ ਮਸਲੇ ਅਤੇ ਮੱਤਭੇਦ ਨੂੰ ਦਲੀਲ ਰਾਹੀਂ ਮਿਲ ਬੈਠ ਕੇ ਨਜਿੱਠਣ ਅਤੇ ਭਾਈਚਾਰਕ ਤੰਦਾਂ ਨੂੰ ਹੋਰ ਮਜਬੂਤ ਕਰਨ ਵੱਲ ਪਹਿਲਕਦਮੀ ਕਰਦੇ? ਇਸ ਵਿਚ ਕਿਸੇ ਦਾ ਘਟਾਅਨਹੀਂ ਸਗੋਂ ਸਮਾਜਿਕ ਪੱਧਰ 'ਤੇ ਇਜ਼ਤ ਵੱਧਦੀ ਏ। ਵੱਖ-ਵੱਖ ਧਾਰਮਿਕ ਅਦਾਰਿਆਂ ਜਾਂ ਆਗੂਆਂ ਵਲੋਂ ਮਹੱਤਵਪੂਰਨ ਗੁਰਪੁਰਬ ਅਤੇ ਧਾਰਮਿਕ ਸਮਾਗਮ ਵੱਖ-ਵੱਖ ਤਰੀਕਾਂ 'ਤੇ ਮਨਾਉਣ ਦੀ ਨਵੀਂ ਪਿਰਤ ਸ਼ੁਰੂ ਕਰਕੇ,ਸਿੱਖ ਕੌਮ ਹੀ ਮਾਖੌਲ ਦੀ ਪਾਤਰ ਬਣ ਗਈ ਏ। ਸਾਨੂੰ ਤਾਂ ਹਰ ਦੂਸਰੇ ਵਿਅਕਤੀ ਵਿਚੋਂ ਰੱਬ ਦਾ ਰੂਪ ਨਹੀਂ ਸਗੋਂ ਇਕ ਦੋਖੀ ਨਜ਼ਰ ਆਉਂਦਾ ਏ ਅਤੇ ਉਸਦੀ ਹੋਂਦ ਨੂੰ ਖਤਮ ਕਰਨ ਲਈ ਕਾਹਲੇ ਪੈ ਜਾਂਦੇ ਹਾਂ। ਦਰਅਸਲ ਇਹ ਸਾਡੇ ਮਨ ਵਿਚ ਘਰ ਕਰੀ ਬੈਠੀ ਹੀਣ-ਭਾਵਨਾ ਏ ਜਿਹੜੀ ਮਨੁੱਖ ਨੂੰ ਕੰਮਜੋਰ ਕਰ, ਖੁਦ ਨੂੰ ਖੁਦ ਦੇ ਵਿਨਾਸ਼ ਦੇ ਰਾਹ ਤੋਰਦੀ ਏ। ਕੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਨਾਲ ਕੋਈ ਲੜਾਈ/ਝਗੜਾ ਕੀਤਾ ਸੀ? ਉਹਨਾਂ ਦੀ ਸ਼ਖਸ਼ੀਅਤ ਅਤੇ ਸੋਚ ਦਾ ਕੇਹਾ ਕ੍ਰਿਸ਼ਮਾ ਸੀ ਕਿ ਉਹ ਆਪਣੀ ਪ੍ਰਭਾਵਸ਼ਾਲੀ, ਨਿਰਲੇਪ ਅਤੇ ਸਰਬ-ਪ੍ਰਵਾਣਤ ਵਿਚਾਰਾਂ ਨਾਲ ਵਿਰੋਧੀ ਸੋਚ ਨੂੰ ਪ੍ਰਭਾਵਤ ਕਰ, ਆਪਣੀ ਬੁੱਕਲ ਵਿਚ ਲੈ, ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਹਰ ਮਸਤਕ ਵਿਚ ਧਰਦੇ, ਲੋਕਾਈ ਦੀ ਸਰਬ-ਸੁੱਖਨਤਾ ਦਾ ਪੈਗ਼ਾਮ ਫ਼ਿਜ਼ਾ ਦੇ ਨਾਮ ਲਾਉਂਦੇ ਸਨ। ਉਹ ਤਾਂ ਪਿਆਰ ਅਤੇ ਮੋਹ ਦਾ ਅਜੇਹਾ ਮੁਜੱਸਮਾ ਸਨ ਜਿਸਦੀ ਬਰਾਬਰੀ ਕੌਣ ਕਰੇਗਾ? ਪਰ ਅਸੀਂ ਉਹਨਾਂ ਦੀ ਸੋਚ ਦਾ ਕਿਣਕਾ ਮਾਤਰ ਅਪਨਾਉਣ ਵਿਚ ਤਾਂ ਪਹਿਲ ਕਰ ਸਕਦੇ ਹਾਂ। ਅਸੀਂ ਤਾਂ ਆਪਸ ਵਿਚ ਹੀ ਲੜਦੇ, ਖੁਦ ਵਿਚੋਂ ਸ਼ਬਦ-ਸੋਚ ਨੂੰ ਮਨਫ਼ੀ ਕਰ, ਲਾਸ਼ ਬਣ ਕੇ ਜਿਊਣ ਦਾ ਢੱਕਵੰਜ਼ ਕਰਦੇ ਹਾਂ।

ਜੀਵਨ ਦੇ ਹਰ ਪੜਾਅ 'ਤੇ ਨਾਨਕ ਜੀ ਦਾ ਵੱਖ-ਵੱਖ ਲੋਕਾਂ ਨਾਲ ਸੰਵਾਦ ਅਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ, ਇਕ ਅਜੇਹੀ ਦਿੱਬ-ਦ੍ਰਿਸ਼ਟੀ ਦਾ ਚਾਨਣ ਸੀ ਜਿਸਦੀ ਆਭਾ ਵਿਚ ਮਨੁੱਖੀ ਹੋਂਦ ਨੂੰ ਚੰਗੇਰੇ ਮਾਰਗ ਦੀ ਦਰਸ਼ਨਾ ਪ੍ਰਾਪਤ ਹੁੰਦੀ ਸੀ। ਇਹ ਭਾਵੇਂ ਮੱਕੇ ਮਦੀਨੇ ਦੀ ਯਾਤਰਾ ਹੋਵੇ, ਹਰਦੁਆਰ ਵਿਚ ਗੰਗੇ ਕਿਨਾਰੇ ਸੂਰਜ ਨੂੰ ਪਾਣੀ ਦੇਣ ਦੀ ਪ੍ਰੰਪਰਾ ਨੂੰ ਤਰਕਸ਼ੀਲ ਸੋਚ ਨਾਲ ਝੁਠਲਾਣਾ ਹੋਵੇ ਜਾਂ ਯੋਗੀਆਂ ਤੇ ਸਿੱਧਾਂ ਸੰਗ ਕੀਤੀ ਗੋਸ਼ਟ ਨਾਲ ਦੁਨਿਆਵੀ ਜੀਵਨ ਨੂੰ ਨਿਕਾਰਨ ਦੀ ਪ੍ਰਥਾ ਨੂੰ ਜ਼ਿੰਮੇਵਾਰੀਆਂ ਤੋਂ ਭੱਜਣ ਨਾਲ ਜੋੜਨਾ ਹੋਵੇ। ਦੁਨਿਆਵੀ ਜੀਵਨ ਵਿਚ ਰਹਿੰਦਿਆਂ, ਪ੍ਰਮਾਰਥ ਦੇ ਮਾਰਗੀ ਬਣਨ ਦੀ ਵਿਚਾਰਧਾਰਾ ਨੇ ਮਨੁੱਖ ਨੂੰ ਸਮਾਜਿਕ ਫਰਜ਼ਾਂ ਪ੍ਰਤੀ ਕੁਤਾਹੀ ਤੋਂ ਸੁਚੇਤ ਕੀਤਾ। ਇਸਨੂੰ ਸੰਤੁਲਤ ਜ਼ਿੰਦਗੀ ਦਾ ਅੰਗ ਮੰਨ ਕੇ, ਪਰਿਵਾਰ ਪਾਲਦਿਆਂ ਹੀ ਆਤਮਿਕ ਵਿਕਾਸ ਦੇ ਰਾਹ ਪੈਣ ਦੀ ਤਾਕੀਦ ਕੀਤੀ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਪਰਮ-ਪੁਰਖ ਦਾ ਅਜੇਹਾ ਉਚਤਮ ਰੂਪ ਏ ਜੋ ਉਹਨਾਂ ਦੀ ਬਾਣੀ ਅਤੇ ਜੀਵਨ-ਸ਼ੈਲੀ ਵਿਚੋਂ ਪ੍ਰਤੱਖ ਨਜਰੀਂ ਪੈਂਦਾ ਏ। ਕੀ ਅਸੀਂ ਉਹਨਾਂ ਦੀਆਂਸਿਖਿਆਵਾਂ ਨੂੰ ਪੜਿਆ ਏ? ਇਹਨਾਂ ਨੂੰ ਆਪਣੀ ਕਰਮਯੋਗਤਾ ਦਾ ਹਿੱਸਾ ਬਣਾਇਆ ਏ? ਕੀ "ਘਾਲਿ ਖਾਇ ਕਿਛੁ ਹਥਹੁ ਦੇਇ;" ਵਰਗੀ ਚੇਤਨਾ ਸਾਡੀ ਜ਼ਮੀਰ ਨੂੰ ਝੰਜੋੜਦੀ ਏ? ਕੀ ਅਸੀਂ ਆਪਣੀ ਕਿਰਤ ਕਮਾਈ ਵਿਚੋਂ ਲੋੜਮੰਦਾਂ ਦੀ ਮਦਦ ਕੀਤੀ ਏ? ਕੀ ਕਿਸੇ ਗਰੀਬ ਗੁਰਬੇ ਲਈ ਆਪਣੀਆਂ ਅਸੀਮਤ ਸੁੱਖ-ਸਹੂਲਤਾਂ ਨੂੰ ਸੀਮਤ ਕਰਨ ਲਈ ਪਹਿਲ ਕਦਮੀ ਕੀਤੀ ਏ? ਕੀ ਇਹ ਸਮਾਜਿਕ ਬਰਾਬਰੀ ਲਈ ਇਨਕਲਾਬੀ ਕਦਮ ਨਹੀਂ ਹੋਵੇਗਾ ਜਿਸਦੀ ਚਾਹਨਾ ਗੁਰੂ ਜੀ ਨੇ ਕੀਤੀ ਸੀ?

ਅਜੋਕੇ ਸਮਿਆਂ ਦੀ ਕੇਹੀ ਤਰਾਸਦੀ ਹੈ ਕਿ ਅਸੀਂ ਬੇਗੈਰਤ ਹੋ ਗਏ ਹਾਂ। ਮਨੁੱਖ ਦਾ ਬੇਗੈਰਤ ਹੋਣਾ, ਉਸਦੀ ਮਾਨਸਿਕ ਮੌਤ ਏ ਜੋ ਸਰੀਰਕ ਮੌਤ ਨਾਲੋਂ ਵੀ ਜ਼ਿਆਦਾ ਦਰਦੀਲੀ ਅਤੇ ਪੀੜਤ ਹੁੰਦੀ ਏ। ਧੁੱਖ ਧੁੱਖ ਕੇ ਮਰਨਾ ਅਤੇ ਆਪਣੀ ਹੋਣੀ 'ਤੇ ਅੱਥਰੂ ਵਹਾਉਣ ਤੋਂ ਵੀ ਤ੍ਰਿਹਣਾ, ਅੱਜ ਦੇ ਸਿੱਖ ਦਾ ਸੰਤਾਪ ਹੈ ਕਿਉਂਕਿ ਅਸੀਂ ਤਾਂ ਗੁਰੂ ਨਾਨਕ ਦੇਵ ਜੀ ਦਾ ਇਹ ਵਾਕ ਤਾਂ ਕਦੇ ਚੇਤਿਆਂ ਵਿਚ ਵਸਾਇਆ ਹੀ ਨਹੀਂ ਕਿ "ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮ ਜੇਤਾ ਕਿਛੁ ਖਾਇ।" ਅਣਖ ਨਾਲ ਜਿਉਣ ਵਾਲੀਆਂ ਕੌਮਾਂ ਇਤਿਹਾਸ ਦਾ ਵਰਕਾ ਬਣਦੀਆਂ ਨੇ। ਪੰਜਾਬੀਆਂ ਨੂੰ ਤਾਂ ਸਮੇਂ ਦੀਆਂ ਸਰਕਾਰਾਂ ਨੇ ਬੌਣੇ, ਹੀਣੇ ਅਤੇ ਮੰਗਤੇ ਬਣਾ ਦਿਤਾ ਏ ਅਤੇ ਅਸੀਂ ਇਸ ਲਾਚਾਰਗੀ ਵਿਚੋਂ ਹੀ ਜਿਉਣ ਦੀ ਲੋਚਾ ਪਾਲਣ ਲੱਗ ਪਏ ਹਾਂ। ਆਪਣੇ ਸਵੈ-ਅਭਿਮਾਨ, ਨਿਸ਼ਕਾਮਤਾ ਅਤੇ ਪਰਉਪਕਾਰੀ ਸੁਭਾਅ ਨੂੰ ਛੱਡ ਕੇ ਹੰਕਾਰੀ, ਲਾਲਚੀ, ਕਪਟੀ ਅਤੇ ਸੁਆਰਥੀ ਬਣ ਕੇ ਅਸੀਂ ਬਹੁਤ ਕੁਝ ਗਵਾਇਆ ਏ। ਕੁਝ ਪ੍ਰਾਪਤੀ ਲਈ ਨਿੱਜਤਾ ਤੋਂ ਉਪਰ ਉਠ ਕੇ ਸਮਾਜ ਲਈ ਜਿਊਣਾ ਹੀ ਮਨੁੱਖੀ ਸੋਚ ਦੀ ਅਸੀਮਤਾ ਏ। ਇਸ ਲਈ ਮਨੁੱਖੀ ਸ਼ਖਸ਼ੀਅਤ ਵਿਚਲੀ ਪਾਕੀਜ਼ਗੀ, ਪਰਉਪਕਾਰਤਾ ਅਤੇ ਪਹਿਲ-ਕਦਮੀ ਦਾ ਰਾਹ ਪਕੜਨਾ ਪਵੇਗਾ। ਕਿਰਤ-ਕਮਾਈ ਦੀ ਸੁੱਚਤਾ ਅਤੇ ਉਚਮਤਾ ਪੰਜਾਬੀਆਂ ਦੇ ਜੀਵਨ ਵਿਚੋਂ ਕਿਉਂ ਅਤੇ ਕਿਸਨੇ ਗਾਇਬ ਕੀਤੀ ਏ, ਸੋਚਣ ਤੇ ਸਮਝਣ ਦੀ ਲੋੜ ਏ।

ਅਜੋਕਾ ਮਨੁੱਖ ਆਪਣੀ ਲੋੜਾਂ ਤੇ ਥੋੜਾਂ ਵਿਚ ਉਲਝਿਆ, ਸਮਾਜਿਕ ਤੇ ਆਰਥਿਕ ਨਾ-ਬਰਾਬਰੀ, ਬੇਇਨਸਾਫ਼ੀ ਅਤੇ ਕਿਰਤ-ਲੁੱਟ ਤੋਂ ਅਣਜਾਣ, ਆਪਣੀ ਅਵਾਜ ਬੁਲੰਦ ਕਰਨ ਤੋਂ ਡਰਨ ਲੱਗ ਪਿਆ। ਅਸੀਂ ਤਾਂ ਆਪਣੇ ਰਹਿਬਰ ਦੇ ਉਸ ਉਲਾਹਮੇ ਨੂੰ ਵੀ ਭੁੱਲ ਗਏ ਜਿਸਨੇ ਬਾਬਰ ਵਲੋਂ ਢਾਏ ਜਾਰਹੇ ਜ਼ੁਲਮ ਅਤੇ ਨਤਾਣਿਆਂ ਤੇ ਨਮਾਣਿਆਂ ਤੇ ਹੋ ਰਹੇ ਤਸ਼ੱਦਦ ਨੂੰ ਦੇਖਦਿਆਂ, ਰੱਬ ਨੂੰ ਕਿਹਾ ਸੀ, " ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ" ਜਾਂ " ਜੇ ਸਕਤਾ ਸਕਤੇ ਕੋ ਮਾਰੇ ਤਾ ਮਨਿ ਰੋਸੁ ਨ ਹੋਈ। ਰਹਾਉ।ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।" ਅਸੀਂ ਨਾਨਕ ਦੀ ਉਸ ਅਵਾਜ ਦੀ ਬੁਲੰਦਗੀ ਅਤੇ ਬੇਖੌਫ਼ਤਾ ਤੋਂ ਕਾਇਰ ਕਿਉਂ ਹੋ ਗਏ ਹਾਂ? ਆਪਣੇ ਰਹਿਬਰ ਤੋਂ ਕਿਨਾਰਾ-ਕਸ਼ੀ, ਕਿਸੇ ਸੋਚ ਦਾ ਦਫ਼ਨ ਹੋਣਾ ਏ ਅਤੇ ਸੋਚ ਮਰਨ ਤੋਂ ਬਾਅਦ ਮਨੁੱਖ ਇਕ ਤਾਬੂਤ ਹੁੰਦਾ ਏ ਜੋ ਮਿੱਟੀ 'ਚ ਮਿੱਟੀ ਹੋਣ ਤੋਂ ਵੱਧ ਕੁਝ ਨਹੀਂ ਹੁੰਦਾ। ਅਸੀਂ ਤਾਂ ਨਾ-ਸ਼ੁਕਰੀ ਦਾ ਸਿੱਖਰ ਹੀ ਸਿਰਜ ਬੈਠੇ ਹਾਂ। ਇਸ ਨਾ-ਸ਼ੁਕਰੀ ਨੇ ਸਾਡੇ ਪੱਲੇ 'ਚ ਜੀਵਨ-ਦੁਸ਼ਵਾਰੀਆਂ ਅਤੇ ਪੀੜਾਂ ਭਰੇ ਰਾਹਾਂ ਦਾ ਨਾਮਕਰਨ ਹੀ ਦਿਤਾ ਏ।

ਗੁਰੂਨਾਨਕ ਦੇਵ ਜੀ ਦੀ ਸੋਚ ਦੀ ਵਿਸ਼ਾਲਤਾ ਅਤੇ ਅਸੀਮ ਦਿਸਹੱਦਿਆਂ ਦੀ ਹਾਥ ਲੈਣ ਦੀ ਚਾਹਨਾ ਤੋਂ ਮੁੱਕਰ ਚੁੱਕਾ ਮਨੁੱਖ ਖੁਦ ਵਿਚ ਹੀ ਸਿਮਟ ਕੇ ਰਹਿ ਗਿਆ। ਅਜੋਕਾ ਸਿੱਖ ਅਜੇਹੀਆਂ ਪਰੰਪਰਾਵਾਂ, ਰਸਮਾਂ ਅਤੇ ਵਹਿਮਾਂ 'ਚ ਸਾਹਾਂ ਦੀ ਸੰਘੀ ਨੱਪ ਰਿਹਾ ਏ ਜਿਹਨਾਂ ਤੋਂ ਨਿਜਾਤ ਲਈ ਗੁਰੂ ਜੀ ਨੇ ਸਿੱਖ-ਸੋਚ ਨੂੰ ਨਵੇਂ ਪੈਗੰਬਰੀ ਅਵਤਾਰ ਦੇ ਰੂਪ ਵਿਚ ਦੁਨੀਆਂ 'ਚ ਪ੍ਰਚੰਡ ਕੀਤਾ ਸੀ। ਵਿਸ਼ਾਲ ਅੰਬਰ ਦੀ ਆਰਤੀ ਉਤਾਰਨ ਵਾਲੇ ਬਾਬਾ ਜੀ ਦੇ ਕੁਝ ਸ਼ਿਸ਼ ਅੱਜ ਕਲ ਥਾਲ ਵਿਚ ਦੀਵਿਆਂ ਨਾਲ ਆਰਤੀ ਉਤਾਰਦੇ, ਆਪਣੀ ਬੌਣੀ ਸੋਚ ਦਾ ਪ੍ਰਮਾਣ ਦੇਣ ਲੱਗਿਆਂ ਠਿੱਠ ਵੀ ਨਹੀਂ ਹੁੰਦੇ। ਅਜੇਹੇ ਵਰਤਾਰੇ ਲਈ ਆਪੂ ਬਣੇ ਬਾਬਿਆਂ ਦਾ ਮੋਹਰੀ ਹੋਣਾ,ਸਿੱਖ ਸਮਾਜ ਲਈ ਨਮੋਸ਼ੀ ਦਾ ਸਬੱਬ ਏ ਕਿਉਂਕਿ ਸਿੱਖ ਸਮਾਜ ਵਿਚਲੇ ਧਰਮੀ ਵਿਅਕਤੀ ਅਡੰਬਰੀ ਹੋ ਗਏ ਨੇ। ਇਸ ਅਡੰਬਰ ਵਿਚ ਹੀ ਉਹ ਆਪਣੀਆਂ ਨਿੱਜੀ ਖਾਹਸ਼ਾਂ, ਤੰਗ-ਦਾਰਿਆਂ ਅਤੇ ਸੌੜੀ ਸੋਚ ਨਾਲ ਸਿੱਖ-ਸੋਚ ਵਿਚਲੀ ਵਿਸ਼ਾਲਤਾ ਨੂੰ ਨਿੱਕੇ ਜਹੇ ਦਾਇਰੇ ਵਿਚ ਸੀਮਤ ਕਰਕੇ, ਇਕ ਫਿਰਕੇ ਤੀਕ ਹੀ ਨਿਯਮਤ ਕਰਨ ਲਈ ਹਰ ਹਰਬਾ ਵਰਤ ਰਹੇ ਹਨ। ਲੋੜ ਹੈ ਕਿ ਅਸੀਂ ਗੁਰ-ਸ਼ਬਦ ਵਿਚਲੀ ਅਸੀਮਤਾ, ਉਚਮਤਾ, ਪਾਕੀਜ਼ਗੀਅਤੇ ਮਾਨਸਿਕ ਉਡਾਣ ਦੇ ਹਾਣੀ ਬਣਨ ਦੀ ਕੋਸ਼ਿਸ਼ ਕਰੀਏ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਸਾਧਨਾ, ਸਮਰਪਿੱਤਾ, ਸਪੱਸ਼ਟਤਾ ਅਤੇ ਸਮਰਪਣ ਨੂੰ ਅਰਪਿੱਤ ਸੀ। ਇਸ ਅਰਪਿੱਤਾ ਵਿਚੋਂ ਹੀ ਉਹਨਾਂ ਨੇ ਜੀਵਨ ਦੇ ਉਚਤਮ ਗੁਣਾਂ ਦੀ ਨਿਸ਼ਾਨਦੇਹੀ ਕਰਦਿਆਂ, ਇਹਨਾਂ ਨੂੰ ਆਖਰੀ ਸਵਾਸ ਤੱਕ ਜੀਵਿਆ। 'ਤਖਤ ਬਹੈ ਤਖਤੇ ਕੇ ਲਾਇਕ" ਦੇ ਕਥਨ ਅਨੁਸਾਰ ਉਹਨਾਂ ਨੇ ਗੁਰਗੱਦੀ ਅਤੇ ਸ਼ਬਦ-ਗੁਰੂ ਦੇ ਵਾਰਸ ਵਜੋਂ ਆਪਣੇ ਪੁੱਤਰ-ਮੋਹ ਨੂੰ ਤਰਜ਼ੀਹ ਨਹੀਂ ਦਿਤੀ। ਸਿੱਖੀ-ਸਿਧਾਂਤ ਨੂੰ ਅਪਨਾਉਣ, ਪ੍ਰਚਾਰਨ ਅਤੇ ਇਸ ਵਿਚਾਰਧਾਰਾ ਨੂੰ ਅੱਗੇ ਲਿਜਾਣ ਲਈ ਸਭ ਤੋਂ ਕਾਬਲ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦੀ ਉਪਾਧੀ ਦੇ ਕੇ ਗੁਰ-ਸ਼ਬਦ ਦਾ ਵਾਰਸ ਬਣਾਇਆ। ਕੀ ਅਸੀਂ ਅਜੋਕੇ ਸਮੇਂ ਵਿਚ ਅਜੇਹਾ ਸੋਚ ਸਕਦੇ ਹਾਂ? ਕੀ ਸਾਡੇ ਧਾਰਮਿਕ, ਸਿਆਸੀ ਅਤੇ ਸਮਾਜਿਕ ਲੀਡਰਾਂ ਨੇ ਕਦੇ ਇਸ ਸੋਚ 'ਤੇ ਪਹਿਰਾ ਦਿਤਾ ਏ? ਕੀ ਆਪਣੇ ਵੰਸ਼ ਦੀ ਚੌਧਰ ਨੂੰ ਬਰਕਰਾਰ ਰੱਖਣ ਅਤੇ ਧਾਰਮਿਕ/ਸਿਆਸੀ ਅਦਾਰਿਆਂ 'ਤੇ ਆਪਣਾ ਗਲਬਾ ਕਾਇਮ ਰੱਖਣ ਲਈ ਹਰ ਲੀਡਰ ਹਰ ਹਰਬਾ ਨਹੀਂ ਵਰਤ ਰਿਹਾ? ਕੀ ਗੁਰੂ ਜੀ ਵਲੋਂ ਪ੍ਰਚਾਰੇ ਸਿੱਖੀ ਸਿਧਾਂਤ ਸਿਰਫ਼ ਬੇਗਾਨਿਆਂ ਲਈ ਹਨ ਜਾਂ ਸਿਰਫ਼ ਕਿਤਾਬਾਂ ਜਾਂ ਗਰੰਥਾਂ ਤੀਕ ਹੀ ਸੀਮਤ ਹਨ? ਅਸੀਂ ਕਿਹੋ ਜਿਹੇ ਸਿੱਖ ਹਾਂ ਜੋ ਸਿੱਖੀ ਭੇਸ ਵਿਚ ਸਿੱਖ ਵਿਚਾਰਧਾਰਾ ਨੂੰ ਕਤਲ ਕਰਨ ਲਈ ਜ਼ਿੰਮੇਵਾਰ ਹਾਂ? ਸਿੱਖ ਸੋਚ ਨੂੰ ਸੰਕੀਰਨਤਾ ਵੱਲ ਧਕੇਲਨਲਈ ਕੌਣ ਕਸੂਰਵਾਰ ਏ? ਅਜੇਹੇ 'ਚ ਕਿਹੋ ਜਿਹੇ ਮਨੁੱਖ ਦੀ ਸਿਰਜਣਾ ਦਾ ਕਿਆਸ ਕੀਤਾ ਜਾ ਸਕਦਾ, ਇਹ ਸਾਡੇ ਸਭ ਦੇ ਸਾਹਮਣੇ ਹੈ। ਅਜੇਹਾ ਮਨੁੱਖ ਜੋ ਗੁਰੂ ਵਲੋਂ ਚਿੱਤਵੇ ਮਨੁੱਖ ਤੋਂ ਹੀਣਾ ਅਤੇ ਨਿਗੁਣਾ ਏ, ਜਿਸਦੀ ਸੋਚ ਨੂੰ ਫੋਕੀਆਂ ਸ਼ੁਹਰਤਾਂ, ਸਿਫ਼ਤਾਂ ਅਤੇ ਸੰਕੀਰਨਤਾ ਨੇ ਅੰਦਰੋਂ ਛਲਨੀ ਕੀਤਾ ਹੋਇਆ ਏ। ਉਹ ਪੂਰਨ ਮਨੁੱਖ ਦਾ ਮਖੌਟਾ ਪਾ ਕੇ ਪੂਰਨਤਾ ਦਾ ਦਾਅਵੇਦਾਰ ਬਣ ਰਿਹਾ ਏ। ਯਾਦ ਰੱਖਣਾ! ਸਿੱਖ ਸੋਚ ਨੂੰ ਅੰਤਰੀਵ ਵਿਚ ਵਸਾ ਅਤੇ ਵਿਸਥਾਰ ਕੇ ਹੀ ਅਸੀਂ ਗੁਰੂ ਜੀ ਵਲੋਂ ਕਿਆਸੇ ਮਨੁੱਖੀ ਸਖਸ਼ੀ ਬਿੰਬ ਨੂੰ ਸਿਰਜਣ ਦੇ ਰਾਹ ਤੁੱਰ ਸਕਦੇ ਹਾਂ। ਇਹ ਮਾਰਗ ਬਿਖੜਾ ਤਾਂ ਹੈ ਪਰ ਇਸਦੀਆਂ ਰਹਿਮਤਾਂ ਨੇ ਹੀ ਮਨੁੱਖ ਨੂੰ ਮਾਨਵਵਾਦੀ ਸੋਚ ਦਾ ਮੁਦਈ ਬਣਾ ਕੇ, ਪਰਮ ਮਨੁੱਖ ਦਾ ਉਪਨਾਮ ਦੇਣਾ ਏ।

ਬਾਬਾ ਨਾਨਕ ਨੇ ਥੋਥੇ ਮਨੁੱਖੀ ਕਿਰਦਾਰ ਬਾਰੇ ਕੇਡੇ ਵੱਡੇ ਸੱਚ ਦਾ ਖੁਲਾਸਾ ਕਰਦਿਆਂ ਕਿਹਾ, "ਗਲੀ ਅਸੀ ਚੰਗੀਆ ਆਚਾਰੀ ਬੁਰੀਆਹ। ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।" ਇਹ ਸੱਚ ਅਜੋਕੇ ਮਨੁੱਖ ਦਾ ਹੈ ਜੋ ਬਾਬੇ ਨੇ 550 ਸਾਲ ਪਹਿਲਾਂ ਕਹਿ ਦਿਤਾ ਸੀ। ਕੀ ਅਸੀਂ ਬਾਹਰੋਂ ਅਤੇ ਅੰਦਰੋਂ ਇਕਸਾਰ ਹਾਂ? ਕੀ ਅਸੀਂ ਪਰਤਾਂ ਵਿਚ ਜਿਉਂਦੇ ਹਾਂ? ਕੀ ਅਸੀਂ ਮਖੌਟੇ ਬਦਲਣ ਦੇ ਮਾਹਰ ਹਾਂ ਅਤੇ ਲੋੜ ਅਨੁਸਾਰ ਮਖੌਟੇ ਦਾ ਰੰਗ ਅਤੇ ਰੂਪ ਬਦਲ ਕੇ ਨਿੰਜੀ ਮੁਫ਼ਾਦ ਦੀ ਪੂਰਤੀ ਲਈ ਜ਼ਮੀਰ ਵੇਚਣ ਲਈ ਵੀ ਤਿਆਰ ਰਹਿੰਦੇ ਹਾਂ? ਜਦ ਹਰ ਮਨੁੱਖ ਵਿਕਾਊ ਹੋ ਜਾਵੇ ਤਾਂ ਕਦਰਾਂ-ਕੀਮਤਾਂ ਦੀ ਕੌਣ ਸ਼ਾਹਦੀ ਭਰੇਗਾ? ਕੌਣ ਸਮਾਜਿਕ ਤੰਦਾਂ ਵਿਚਲੇ ਮੋਹ ਅਤੇ ਪਕਿਆਈ ਦਾ ਰਾਗ ਗਾਵੇਗਾ? ਕੌਣ ਸੁੱਚੀਆਂ ਸੱਧਰਾਂ, ਸੁਗੰਧਤ ਸਬੰਧਾਂ ਅਤੇ ਮੋਹਵੰਤੀ ਤਰੰਗਾਂ ਨਾਲ ਮਨ ਦੀਆਂ ਰਮਜਾਂ ਦਾ ਗੀਤ ਗੁਣਗੁਣਾਵੇਗਾ?

ਪਰਮ ਮਨੁੱਖ ਦੀਆਂ ਵਿਸ਼ੇਸ਼ਤਾਵਾਂ, ਗੁਣਾਂ ਅਤੇ ਇਸਦੀਆਂ ਬਹੁ-ਪਰਤਾਂ ਨੂੰ ਫਰੋਲਦੀ ਗੁਰ-ਸ਼ਬਦ ਦੀ ਮਹਿਮਾ, ਸੱਚੀ-ਸੁੱਚੀ ਜੀਵਨ ਸ਼ੈਲੀ ਹੈ। ਅਸੀਂ ਇਸ ਜੀਵਨ ਸ਼ੈਲੀ ਨੂੰ ਅਪਨਾਉਣ ਤੋਂ ਆਕੀ ਅਤੇ ਇਸਦੀ ਬਹੁ-ਰੰਗਤਾ ਤੋਂ ਕੋਰੇ ਹਾਂ। ਲੋੜ ਹੈ ਕਿ ਅਸੀਂ ਇਸਦੀਆਂ ਬਹੁਮੁਲੀਆਂ ਪਰਤਾਂ ਨੂੰ ਜੀਵਨੀ ਪਰਤ ਦਾ ਨਾਮ ਦੇ ਕੇ, ਇਸਦੀ ਵਿਸ਼ਾਲਤਾ ਵਿਚੋਂ ਹੀ ਸਖਸ਼ੀਅਤ ਨੂੰ ਵਿਸਥਾਰੀਏ। ਇਸਦੀ ਉਚਮਤਾ ਵਿਚੋਂ ਕਰਮ-ਧਰਮ ਵਿਚਲੀ ਪਾਕੀਜ਼ਗੀ ਨੂੰ ਹਰ ਸਾਹ ਨਾਲ ਸਿਮਰੀਏ। ਇਸ ਰਾਹੀਂ ਗੁਰ-ਮਾਰਗ ਦੇ ਮਾਰਗੀ ਬਣਕੇ ਉਤਮ ਮਨੁੱਖ ਦੀ ਪਰਮ ਪਦਵੀ ਪਾਈਏ।

ਅਜੇਹਾ ਵਿਸ਼ਵਾਸ਼ ਰੱਖਣ ਵਿਚ ਤਾਂ ਕੋਈ ਹਰਜ਼ ਨਹੀਂ। ਆਸ ਹੈ ਕਿ ਗੁਰੂ ਜੀ ਦੀ ਨਿਵੇਕਲੀ ਸੋਚ ਦੀ ਕਿਰਨ ਸਾਡੇ ਦਰਾਂ 'ਤੇ ਚਾਨਣ ਚੋਂਦੀ, ਮਸਤਕ ਧਰਾਤਲ ਨੂੰ ਨਵੀਆਂ ਦਿਸ਼ਾਵਾਂ, ਸੰਭਾਵਨਾਵਾਂ, ਸੁਪਨਿਆਂ, ਸਮਰਥਾਵਾਂ ਅਤੇ ਸਫ਼ਲਤਾਵਾਂ ਦਾ ਸਬੱਬ ਬਣਨ ਵਿਚ ਮਦਦ ਜਰੂਰ ਕਰੇਗੀ।

ਫ਼ੋਨ # 216-556-2080

# ਕਰਤਾਰਪੁਰ ਲਾਂਘੇ ਦਾ ਕ੍ਰੈਡਿਟ ਲੈਣ ਵੇਲੇ ਸੁਖਬੀਰ ਸਿੰਘ ਬਾਦਲ ਦੀ ਜ਼ੁਬਾਨ ਫਿਰ ਗੋਤਾ ਖਾ ਗਈ

ਜਲੰਧਰ, 22 ਨਵੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮਨਜ਼ੂਰੀ ਮਗਰੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫਰੰਸ ਕੀਤੀ ਤਾਂ ਇਸ ਦੌਰਾਨ ਜਦੋਂ ਉਹ ਪ੍ਰਧਾਨ ਮੰਤਰੀ ਦਾ ਧੰਨਵਾਦ ਕਰ ਰਹੇ ਸਨ ਤਾਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਦੀ ਜ਼ੁਬਾਨ ਗੋਤਾ ਖਾ ਗਈ।

ਅੱਜ ਕੀਤੀ ਪ੍ਰੈੱਸ ਕਾਨਫਰੰਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਬਾ ਨਾਨਕ ਨੂੰ ਟੂਰਿਸਟ ਕੰਪਲੈਕਸ ਬਣਾਏ ਜਾਣ 'ਤੇ ਬੋਲਦੇ ਹੋਏ ਬਾਬਾ ਨਾਨਕ ਦੇ ਪਿੰਡ ਨੂੰ 'ਬੇਬੇ ਨਾਨਕ' ਦਾ ਪਿੰਡ ਕਹਿ ਦਿੱਤਾ। ਇਥੇ ਹੀ ਬਸ ਨਹੀਂ, ਇਸ ਦੌਰਾਨ ਉਨ੍ਹਾਂ ਨੇ ਸੁਲਤਾਨਪੁਰ ਲੋਧੀ ਨੂੰ ਪਹਿਲਾਂ



'ਸੁਲਤਾਨਪੁਰ ਲੋਧੀ ਜੀ' ਅਤੇ ਫਿਰ 'ਸੁਲਤਾਨਪੁਰ ਲੇਧੀ' ਕਹਿ ਦਿੱਤਾ। ਇਸ ਤੋਂ ਇਲਾਵਾ ਉਹ ਟੂਰਿਸਟ ਨੂੰ 'ਟੈਰਿਸਟ' ਬੋਲਦੇ ਨਜ਼ਰ ਆਏ।

ਵਰਨਣ ਯੋਗ ਹੈ ਕਿ ਇਹ ਕੋਈ ਪਹਿਲਾਂ ਮੌਕਾ ਨਹੀਂ, ਜਦੋਂ ਸੁਖਬੀਰ ਸਿੰਘ ਬਾਦਲ ਦੀ ਜ਼ੁਬਾਨ ਗੋਤਾ ਖਾਧਾ ਹੋਵੇ, ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀ ਅਨੇਕਾਂ ਵਾਰ ਜ਼ੁਬਾਨ ਫਿਸਲ ਚੁੱਕੀ ਹੈ। ਪਟਿਆਲਾ ਰੈਲੀ ਮੌਕੇ ਤਾਂ ਉਨ੍ਹਾਂ ਨੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ 'ਪਿਤਾ ਸਮਾਨ' ਆਖ ਕੇ ਸੰਬੋਧਨ ਕਰ ਦਿੱਤਾ ਸੀ, ਜਿਸ ਦੀ ਮੀਡੀਆ 'ਚ ਕਾਫੀ ਚਰਚਾ ਹੋਈ ਸੀ। ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫਰੰਸ ਬੇਸ਼ੱਕ ਕ੍ਰੈਡਿਟ ਲੈਣ ਦੇ ਚੱਕਰ 'ਚ ਰੱਖੀ ਸੀ, ਇਹ ਕ੍ਰੈਡਿਟ ਸਿਰਫ ਪੰਜਾਬ ਜਾਂ ਪੰਜਾਬੀਆਂ ਤੋਂ ਨਹੀਂ, ਕੇਂਦਰ 'ਚ ਰਾਜ ਕਰਦੀ ਭਾਜਪਾ ਤੋਂ ਵੀ ਲੈਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੀ ਪ੍ਰਤੱਖ ਮਿਸਾਲ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਵਰਤੀ ਗਈ ਹਿੰਦੀ ਭਾਸ਼ਾ ਤੋਂ ਮਿਲਦੀ ਹੈ। ਹਿੰਦੀ ਬੋਲਣ ਦੇ ਚੱਕਰ ਵਿੱਚ ਵੀ ਸੁਖਬੀਰ ਸਿੰਘ ਕਈ ਵਾਰ ਜ਼ੁਬਾਨੋ ਫਿਸਲ ਗਏ।

# ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ ਨੇ ਹਮਲਾਵਰ ਹੀ ਨਹੀਂ ਪਛਾਣੇ, ਅੱਠ ਜਣੇ ਬਰੀ

### * ਬੇਅਦਬੀ ਕਾਂਡ ਦੇ ਬਾਅਦ ਵਿਗੜਿਆ ਸੀ ਮਾਹੌਲ

ਜਲੰਧਰ, 22 ਨਵੰਬਰ (ਪੋਸਟ ਬਿਊਰੋ)- ਆਦਮਪੁਰ ਵਿੱਚ ਬੇਅਦਬੀ ਕਾਂਡ ਵਿੱਚ ਹਮਲੇ ਦਾ ਸ਼ਿਕਾਰ ਹੋਏ ਅਕਾਲੀ ਨੇਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਮੈਂਬਰ ਪਰਮਜੀਤ ਸਿੰਘ ਰਾਏ ਨੇ ਹਮਲਾਵਰਾਂ ਨੂੰ ਕੋਰਟ ਵਿੱਚ ਨਹੀਂ ਪਛਾਣਿਆ, ਜਿਸ ਕਰ ਕੇ ਕੋਰਟ ਨੇ ਕੇਸ ਦੇ ਅੱਠ ਦੋਸ਼ੀ ਬਰੀ ਕਰ ਦਿੱਤੇ ਹਨ। ਇਨ੍ਹਾਂ ਵਿੱਚ ਆਦਮਪੁਰ ਦਾ ਤਰਨਜੋਤ ਸਿੰਘ ਖਾਲਸਾ, ਬਾਜ ਸਿੰਘ ਸਾਬਕਾ ਸਰਪੰਚ ਕਾਲੜਾ, ਮੇਗੋਵਾਲ ਦਾ ਸਰਬਜੀਤ ਸਿੰਘ ਸਾਬਾ, ਡੀਂਗਰੀਆਂ ਦਾ ਕੁਲਜੀਤ ਸਿੰਘ, ਲੁਟੇਰਾ ਕਲਾਂ ਦਾ ਅਵਤਾਰ ਸਿੰਘ, ਮਸਾਣੀਆਂ ਦਾ ਸ਼ਰਨਜੀਤ ਸਿੰਘ ਸੰਨੀ, ਪਰਮਜੀਤ ਸਿੰਘ ਅਤੇ ਜਗਵਿੰਦਰ ਸਿੰਘ ਹਨ। ਇਨ੍ਹਾਂ ਦੇ ਖਿਲਾਫ ਥਾਣਾ ਆਦਮਪੁਰ ਵਿੱਚ ਕੇਸ ਦਰਜ ਸੀ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੂੰ ਐਸ ਜੀ ਪੀ ਸੀ ਮੈਂਬਰ ਪਰਮਜੀਤ ਸਿੰਘ ਰਾਏਪੁਰ ਨੇ ਕਿਹਾ ਸੀ ਕਿ ਉਨ੍ਹਾਂ ਉੱਤੇ ਤਰਨਜੋਤ ਸਿੰਘ ਖਾਲਸਾ ਨੇ ਸਾਥੀਆਂ ਨਾਲ ਮਿਲ ਕੇ ਤਲਵਾਰ ਨਾਲ ਹਮਲਾ ਕੀਤਾ ਸੀ, ਜਿਸ ਵਿੱਚ ਉਹ ਜ਼ਖਮੀ ਹੋ ਗਏ ਸਨ। ਪੁਲਸ ਨੇ ਕੇਸ ਦਰਜ ਕਰ ਕੇ ਦੋਸ਼ੀ ਫੜ ਲਏ ਸਨ।

ਇਸ ਤੋਂ ਪਹਿਲਾਂ 25 ਅਕਤੂਬਰ 2015 ਨੂੰ ਆਦਮਪੁਰ ਤੋਂ ਸੱਤ ਕਿਲੋਮੀਟਰ ਦੂਰ ਪਿੰਡ ਘੜਿਆਲ ਵਿੱਚ ਦੋ ਵਜੇ ਦੁਪਹਿਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਹੋਈ ਸੀ। ਇਸ ਦੇ ਦੋਸ਼ੀ ਅਵਤਾਰ ਸਿੰਘ ਤਾਰੀ ਨੂੰ ਪਿੰਡ ਦੇ ਲੋਕਾਂ ਨੇ ਖੁਦ ਫੜ ਕੇ ਪੁਲਸ ਦੇ ਹਵਾਲੇ ਕੀਤਾ ਸੀ। ਪੁਲਸ ਨੇ ਉਸ ਦੇ ਭਤੀਜੇ ਅਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਸੀ। ਇਸ ਘਟਨਾ ਦੇ



ਬਾਅਦ ਭੜਕੀ ਸਿੱਖ ਸੰਗਤ ਨੇ ਜਲੰਧਰ-ਹੁਸ਼ਿਆਰਪੁਰ ਰੋਡ ਜਾਮ ਕੀਤਾ ਸੀ। ਐਸ ਜੀ ਪੀ ਸੀ ਮੈਂਬਰ ਅਤੇ ਅਕਾਲੀ ਨੇਤਾ ਪਰਮਜੀਤ ਸਿੰਘ ਰਾਏਪੁਰ ਘਟਨਾ ਦਾ ਪਤਾ ਲੱਗਣ ਉੱਤੇ ਆਦਮਪੁਰ ਪਹੁੰਚੇ ਅਤੇ ਧਰਨੇ ਵਾਲੀ ਥਾਂ ਜਦੋਂ ਉਹ ਆਪਣੀ ਗੱਡੀ ਵਿੱਚੋਂ ਉੱਤਰੇ ਤਾਂ ਓਥੇ ਬੈਠੀ ਸੰਗਤ ਵਿੱਚੋਂ ਕੁਝ ਵਿਖਾਵਾਕਾਰੀਆਂ ਨੇ ਪਹਿਲਾਂ ਉਨ੍ਹਾਂ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਉਥੇ ਹੀ ਰੁਕਣ ਦਾ ਇਸ਼ਾਰਾ ਕੀਤਾ। ਜਦ ਪਰਮਜੀਤ ਸਿੰਘ ਰਾਏ ਨਹੀਂ ਰੁਕੇ ਤਾਂ ਵਿਖਾਵਾਕਾਰੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਰਾਏਪੁਰ 'ਤੇ ਲਾਠੀਆਂ ਵਰ੍ਹਾਈਆਂ ਅਤੇ ਤਲਵਾਰ ਲੈ ਕੇ ਪਿੱਛੇ ਭੱਜੇ। ਇਸੇ ਦੌਰਾਨ ਥਾਣੇ ਦੇ ਬਾਹਰ ਖੜ੍ਹੇ ਐੱਸ ਪੀ ਨੇ ਪਰਮਜੀਤ ਸਿੰਘ ਰਾਏਪੁਰ ਨੂੰ ਬਚਾਇਆ ਸੀ। ਇਸ ਦੇ ਪੰਜ ਦਿਨ ਬਾਅਦ ਰਾਏਪੁਰ ਉੱਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ਵਿੱਚ ਪੁਲਸ ਨੇ ਚਾਰ ਜਣੇ ਫੜੇ ਸਨ। ਪੁੱਛਗਿੱਛ ਵਿੱਚ ਕਰੀਬ 15 ਹੋਰ ਹਮਲਾਵਰਾਂ ਦੇ ਨਾਂਅ ਆਏ ਸਨ। ਹਮਲਾਵਰਾਂ ਨੇ ਮੰਨਿਆ, ਪਿੰਡ ਘੜਿਆਲ ਵਿੱਚ ਬੇਅਦਬੀ ਬਾਰੇ ਉਨ੍ਹਾਂ ਦੇ ਮਨ ਵਿੱਚ ਗੁੱਸਾ ਸੀ। ਧਰਨੇ ਵਿੱਚ ਉਹ ਮੌਜੂਦ ਸਨ। ਇਸ ਦੌਰਾਨ ਰਾਏਪੁਰ ਆ ਗਏ ਅਤੇ ਉਨ੍ਹਾਂ ਨੂੰ ਸ਼ਾਂਤ ਰਹਿਣ ਦੀ ਗੱਲ ਕੀਤੀ। ਇਹ ਗੱਲ ਸੁਣ ਕੇ ਧਰਨੇ 'ਤੇ ਬੈਠੇ ਸਾਥੀ ਆਪਾ ਗੁਆ ਬੈਠੇ ਅਤੇ ਰਾਏਪੁਰ 'ਤੇ ਹਮਲਾ ਕਰ ਦਿੱਤਾ।

## ਫਿਰੌਤੀ ਲਈ ਫੇਸਬੁਕ ਦੋਸਤਾਂ ਨੇ ਵਪਾਰੀ ਦੇ ਬੇਟੇ ਦਾ ਕਤਲ ਕੀਤਾ

ਰਾਮਪੁਰਾ ਫੂਲ (ਬਠਿੰਡਾ), 22 ਨਵੰਬਰ (ਪੋਸਟ ਬਿਊਰੋ)- ਫੇਸਬੁਕ 'ਤੇ ਬਣੇ ਦੋਸਤਾਂ ਨੇ ਪੈਸੇ ਦੇ ਲਾਲਚ ਵਿੱਚ ਵਪਾਰੀ ਵਿਵੇਕ ਗਰਗ ਦੇ 16 ਸਾਲਾ ਬੇਟੇ ਖੁਸ਼ਾਂਤ ਗਰਗ ਉਰਫ ਅਨਮੋਲ ਦੀ ਹੱਤਿਆ ਕਰ ਦਿੱਤੀ। ਰਾਮਪੁਰਾ ਫੂਲਾ ਬਸ ਸਟੈਂਡ ਵਿੱਚ ਫਿਰੌਤੀ ਦੀ ਰਕਮ ਲੈਣ ਆਏ ਦੋਵਾਂ ਦੋਸ਼ੀਆਂ ਨੂੰ ਪੁਲਸ ਨੇ ਫੜ ਲਿਆ ਹੈ। ਉਨ੍ਹਾਂ ਦੀ ਪਛਾਣ ਜਸਪ੍ਰੀਤ ਸਿੰਘ (18) ਵਾਸੀ ਪਿੰਡ ਕਰਾੜਵਾਲਾ, ਬਠਿੰਡਾ ਤੇ ਹਰਸ਼ ਗਾਂਧੀ (22) ਵਾਸੀ ਲੁਧਿਆਣਾ ਵਜੋਂ ਹੋਈ ਹੈ। ਦੋਵਾਂ ਨੇ ਪੁਲਸ ਨੂੰ ਦੱਸਿਆ ਕਿ ਉਹ ਅਨਮੋਲ ਦੇ ਫੇਸਬੁਕ ਦੋਸਤ ਹਨ।

ਰਾਮਪੁਰਾ ਫੂਲ ਦੀ ਭਗਤ ਸਿੰਘ ਕਲੋਨੀ ਦਾ ਅਨਮੋਲ ਆਪਣੇ ਮਾਤਾ-ਪਿਤਾ ਦਾ ਇਕਲੌਤਾ ਬੇਟਾ ਸੀ। ਕੱਲ੍ਹ ਸ਼ਾਮ ਉਹ ਆਪਣੇ ਘਰੋਂ ਮੋਬਾਈਲ ਰਿਚਾਰਜ ਕਰਵਾਉਣ ਗਿਆ ਅਤੇ ਜਦ ਅੱਠ ਵਜੇ ਤੱਕ ਘਰ ਨਾ ਪਹੁੰਚਿਆ ਤਾਂ ਪਰਵਾਰ ਨੇ ਉਸ ਦੇ ਮੋਬਾਈਲ ਨੰਬਰ 'ਤੇ ਫੋਨ ਕੀਤਾ, ਪਰ ਉਹ ਬੰਦ ਆ ਰਿਹਾ ਸੀ। ਵਿਵੇਕ ਗਰਗ ਨੇ ਦੱਸਿਆ ਕਿ ਰਾਤ 9.21 ਵਜੇ ਉਨ੍ਹਾਂ ਨੂੰ ਅਨਮੋਲ ਦੇ ਨੰਬਰ ਤੋਂ ਫੋਨ ਆਇਆ ਕਿ ਤੁਹਾਡਾ ਬੇਟਾ ਸਾਡੇ ਕੋਲ ਹੈ, ਜੇ ਇਸ ਦੀ ਸਲਾਮਤੀ ਚਾਹੁੰਦੇ ਹੋ ਤਾਂ ਦੋ ਕਰੋੜ ਰੁਪਏ ਦੋ ਘੰਟਿਆਂ ਵਿੱਚ ਤਿਆਰ ਕਰ ਲਓ। ਫਿਰ ਕੁਝ ਮਿੰਟ ਬਾਅਦ ਫੋਨ ਆਇਆ ਤਾਂ ਉਨ੍ਹਾਂ ਨੇ ਕਿਹਾ ਕਿ ਦੋ ਕਰੋੜ ਰੁਪਏ ਇਕੱਠਾ ਕਰਨਾ ਮੁਸ਼ਕਲ ਹੈ, ਜਿਸ 'ਤੇ ਮੰਗ ਇੱਕ ਕਰੋੜ ਕਰ ਦਿੱਤਾ ਤੇ ਅੱਸੀ ਲੱਖ ਮੰਗ ਲਏ। ਫਿਰ ਮੰਗ ਘਟ ਕੇ ਤੀਹ ਲੱਖ ਉੱਤੇ ਆ ਗਈ। ਅਗਵਾਕਾਰਾਂ ਨੇ ਕਿਹਾ ਕਿ ਰੁਪਏ ਬਠਿੰਡਾ ਤੋਂ ਆ ਰਹੀ ਕਾਲਕਾ ਟਰੇਨ ਦੇ ਚੌਥੇ ਡੱਬੇ ਵਿੱਚ ਰੱਖ ਦਿਓ ਤਾਂ ਅਸੀਂ ਅਨਮੋਲ ਨੂੰ ਛੱਡ ਦੇਵਾਂਗੇ। ਸਵੇਰੇ ਕਰੀਬ ਚਾਰ ਵਜੇ ਫੋਨ ਆਇਆ ਕਿ ਪੈਸਿਆਂ ਦਾ ਬੈਗ ਬਸ ਸਟੈਂਡ ਰਾਮਪੁਰਾ ਫੂਲ ਵਿੱਚ ਰੱਖ ਦਿਓ। ਜਦੋਂ ਦੋ ਨੌਜਵਾਨ ਉਸ ਬੈਗ ਨੂੰ ਚੁੱਕ ਕੇ ਲਿਜਾਣ ਲੱਗੇ ਤਾਂ ਸਿਵਲ ਵਰਦੀ ਵਿੱਚ ਤੈਨਾਤ ਪੁਲਸ ਨੇ ਉਨ੍ਹਾਂ ਨੂੰ ਫੜ ਲਿਆ। ਮੁਹੱਲੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਵਿੱਚੋਂ ਪਤਾ ਲੱਗਾ ਕਿ ਇਹ ਉਹ ਥੈਲਾ ਸੀ, ਜੋ ਅਨਮੋਲ ਦੇ ਨਾਲ ਜਾ ਰਹੇ ਲੜਕੇ ਦੇ ਮੋਢੇ 'ਤੇ ਲਟਕਿਆ ਹੋਇਆ ਸੀ। ਅਨਮੋਲ ਦੇ ਫੇਸਬੁਕ ਅਕਾਊਂਟ ਨੂੰ ਚੰਗੀ ਤਰ੍ਹਾਂ ਵੇਖਿਆ ਤਾਂ ਸਾਰੀ ਗੱਲ ਖੁੱਲ੍ਹ ਗਈ।

# ਬੇਅਦਬੀ ਕਾਂਡ 'ਚ ਕਾਂਗਰਸ ਨੂੰ ਖਮਿਆਜ਼ਾ ਵੀ ਭੁਗਤਣਾ ਪੈ ਸਕਦਾ: ਨਵਜੋਤ ਕੌਰ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਡਾ. ਨਵਜੋਤ ਕੌਰ ਸਿੱਧੂ ਦਾ ਕਹਿਣਾ ਹੈ ਕਿ ਜੇ ਬਰਗਾੜੀ ਵਿੱਚ ਅਕਾਲੀ ਭਾਜਪਾ ਗੱਠਜੋੜ ਸਰਕਾਰ ਸਮੇਂ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਦੇ ਖਿਲਾਫ ਕੋਈ ਕਾਰਵਾਈ ਨਾ ਹੋਈ ਤਾਂ ਕਾਂਗਰਸ ਨੂੰ ਵੀ ਇਸ ਦਾ ਸਿਆਸੀ ਖਮਿਆਜਾ ਭੁਗਤਣਾ ਪੈ ਸਕਦਾ ਹੈ।

ਕੱਲ੍ਹ ਇਥੇ ਪ੍ਰੈਸ ਕਲੱਬ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਅਕਤੂਬਰ ਵਿੱਚ



ਬਰਗਾੜੀ ਮੋਰਚੇ ਨੂੰ ਲੋਕਾਂ ਵੱਲੋਂ ਦਿੱਤੀ ਆਪ ਮੁਹਾਰੀ ਹਮਾਇਤ ਦੋਵੇਂ ਮੁੱਖ ਪਾਰਟੀਆਂ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਬੇਅਦਬੀ ਅਤੇ ਪੁਲਸ ਗੋਲੀ ਕਾਂਡ ਕਾਰਨ ਅਕਾਲੀ ਦਲ ਅਤੇ ਬਾਦਲ ਪਰਵਾਰ ਨੂੰ ਲੋਕ ਨਕਾਰ ਚੁੱਕੇ ਹਨ। ਜੇ ਕੈਪਟਨ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ ਤਾਂ ਕਾਂਗਰਸ ਨੂੰ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਸੁਖਬੀਰ ਸਿੰਘ ਬਾਦਲ ਨੇ ਜਿਸ ਤਰ੍ਹਾਂ ਸਰਕਾਰੀ ਸੰਸਥਾਵਾਂ ਨੂੰ ਆਪਣੇ ਹਿੱਤ ਲਈ ਵਰਤਿਆ ਸੀ, ਉਸ ਦਾ ਨਤੀਜਾ ਸਭ ਦੇ ਸਾਹਮਣੇ ਹੈ ਤੇ ਅਕਾਲੀ ਦਲ ਇਸੇ ਕਰ ਕੇ ਪੰਜਾਬ ਵਿੱਚ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਇਹ ਬੇਅਦਬੀ ਕਾਂਡ ਦਾ ਸਿੱਟਾ ਹੈ ਕਿ ਗੈਰਤਮੰਦ ਤੇ ਜਾਗਦੀ ਜ਼ਮੀਰ ਵਾਲੇ ਟਕਸਾਲੀ ਨੇਤਾ ਬਾਦਲਾਂ ਦਾ ਸਾਥ ਛੱਡ ਰਹੇ ਹਨ।

## ਲਵ ਮੈਰਿਜ ਕਰਨ ਵਾਲੀ ਨੇ ਖੁਦਕੁਸ਼ੀ ਕੀਤੀ

ਜਲੰਧਰ, 22 ਨਵੰਬਰ (ਪੋਸਟ ਬਿਊਰੋ)- ਮੋਹਾਲੀ ਏਅਰਪੋਰਟ 'ਤੇ ਤੈਨਾਤ ਪੰਜਾਬ ਪੁਲਸ ਦੇ ਕਮਾਂਡੋ ਨਾਲ 2007 ਵਿੱਚ ਲਵ ਮੈਰਿਜ ਕਰਨ ਵਾਲੀ ਚਾਲੀ ਸਾਲਾ ਸੁਖਪ੍ਰੀਤ ਸੰਧੂ ਨੇ ਖੁਦਕੁਸ਼ੀ ਕਰ ਲਈ ਹੈ। ਉਸ ਨੇ ਕੱਲ੍ਹ ਸਵੇਰੇ ਸੁੱਚੀ ਪਿੰਡ ਨੇੜੇ ਰੇਲ ਟਰੈਕ 'ਤੇ ਜੰਮੂ ਜਾ ਰਹੀ ਮਾਲ ਗੱਡੀ ਅੱਗੇ ਆ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਸੁਖਪ੍ਰੀਤ ਸੰਧੂ ਪਤਨੀ ਧਰਮਪਾਲ ਸੰਧੂ ਵਾਸੀ ਬਾਬਾ ਗਦੀਲੇ ਸ਼ਾਹ ਕਲੋਨੀ, ਸੁੱਚੀ ਪਿੰਡ, ਜਲੰਧਰ ਦੇ ਸਰੀਰ ਦੇ ਦੋ ਹਿੱਸੇ ਹੋ ਗਏ। ਆਪਣੀ ਪਤਨੀ ਦੀ ਮੌਤ ਦੀ ਸੂਚਨਾ ਮਿਲਣ ਉੱਤੇ ਪਹੁੰਚਿਆ ਹੈਡ ਕਾਂਸਟੇਬਲ ਧਰਮਪਾਲ ਵਿਸ਼ਵਾਸ ਨਹੀਂ ਕਰ ਰਿਹਾ ਸੀ ਕਿ ਉਸ ਨੇ ਖੁਦਕੁਸ਼ੀ ਕੀਤੀ ਹੈ। ਰੇਲਵੇ ਪੁਲਸ ਦਾ ਮੰਨਣਾ ਹੈ ਕਿ ਇਸ ਸੰਬੰਧੀ ਪੂਰੀ ਸਥਿਤੀ ਮ੍ਰਿਤਕਾ ਦੇ ਪੇਕੇ ਵਾਲਿਆਂ ਦੇ ਸਾਹਮਣੇ ਆਉਣ 'ਤੇ ਸਪੱਸ਼ਟ ਹੋਵੇਗੀ। ਉਹ ਪਠਾਨਕੋਟ ਰਹਿੰਦੇ ਹਨ। ਸੁਖਪ੍ਰੀਤ ਦੀ ਮੌਤ ਬਾਰੇ ਉਨ੍ਹਾਂ ਨੂੰ ਦੱਸ ਦਿੱਤਾ ਗਿਆ ਹੈ।

## ਕੈਪਟਨ ਅਮਰਿੰਦਰ ਸਿੰਘ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਸਮਾਰੋਹਾਂ ਦੇ ਪੈਕੇਜ ਲਈ ਮੋਦੀ ਨੂੰ ਅਪੀਲ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਸਾਰਾ ਸਾਲ ਚੱਲਣ ਵਾਲੇ ਸਮਾਰੋਹਾਂ ਖੁੱਲ੍ਹ ਦਿਲੀ ਨਾਲ ਵਿੱਤੀ ਪੈਕੇਜ ਐਲਾਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ।

ਮੁੱਖ ਮੰਤਰੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਇਤਿਹਾਸਕ ਮੌਕੇ ਉਨ੍ਹਾਂ ਦੀ ਸਰਕਾਰ ਲੜੀਵਾਰ ਵਿਕਾਸ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ। ਇਨ੍ਹਾਂ ਕੁਝ ਸਕੀਮਾਂ ਵਿੱਚੋਂ ਸੁਲਤਾਨਪੁਰ ਲੋਧੀ ਵਿੱਚ ਪਿੰਡ ਬਾਬੇ ਨਾਨਕ ਦਾ ਸਥਾਪਤ ਕਰਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਨੈਸ਼ਨਲ ਇੰਸਟੀਚਿਊਟ ਆਫ ਇੰਟਰਫੇਥ ਸਟੱਡੀਜ਼ ਬਟਾਲਾ ਵਿੱਚ ਮੈਡੀਕਲ ਕਾਲਜ ਦੀ ਸਥਾਪਨਾ ਤੇ ਪੰਜਾਬ ਅਤੇ ਦੂਸਰੇ ਰਾਜਾਂ ਦੇ ਜਿਨ੍ਹਾਂ ਸਥਾਨਾਂ ਵੱਲ ਨੂੰ ਪਹਿਲੇ ਗੁਰੂ ਨਾਨਕ ਦੇਵ ਜੀ ਗਏ, ਉਸ ਰਸਤੇ ਦੀ ਉਸਾਰੀ ਅਤੇ ਗੁਰੂ ਜੀ ਨਾਲ ਸੰਬੰਧਤ 47 ਸਮਾਰਟ ਕਸਬਿਆਂ, ਪਿੰਡਾਂ ਦਾ ਵਿਕਾਸ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਘੱਟੋ ਘੱਟ ਇਨ੍ਹਾਂ ਪ੍ਰੋਜੈਕਟਾਂ ਲਈ ਪੰਜਾਬ ਨੂੰ ਵਿੱਤੀ ਪੈਕੇਜ ਮਿਲਣਾ ਚਾਹੀਦਾ। ਪ੍ਰਧਾਨ ਮੰਤਰੀ ਦੇ ਨਾਲ ਆਪਣੀ ਮੀਟਿੰਗ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਚਿੱਠੀ ਵਿੱਚ ਕਿਹਾ ਕਿ ਰਾਜ ਸਰਕਾਰ ਨੇ ਇਨ੍ਹਾਂ ਸਮਾਰੋਹਾਂ ਲਈ ਪਹਿਲਾਂ ਹੀ 2145 ਕਰੋੜ ਰੁਪਏ ਦੀ ਸਹਾਇਤਾ ਲਈ ਕੇਂਦਰ ਨੂੰ ਇੱਕ ਪੱਤਰ ਪੇਸ਼ ਕੀਤਾ ਹੋਇਆ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਜੂਨ 2018 ਨੂੰ ਹੋਈ ਨੀਤੀ ਕਮਿਸ਼ਨ ਦੀ ਗਵਰਨਿੰਗ ਕੌਂਸਲ ਮੀਟਿੰਗ ਵਿੱਚ ਇਨ੍ਹਾਂ ਸਮਾਰੋਹਾਂ ਦੀ ਮਹੱਤਤਾ ਬਾਰੇ ਦੱਸਿਆ ਸੀ। ਇਸੇ ਦੌਰਾਨ ਉਨ੍ਹਾਂ ਨੇ ਕੇਂਦਰੀ ਰੇਲ ਮੰਤਰੀ ਪੀਊਸ਼ ਗੋਇਲ ਨੂੰ ਵੀ ਪੱਤਰ ਲਿਖ ਕੇ ਦਿੱਲੀ ਤੋਂ ਸੁਲਤਾਨਪੁਰ ਲੋਧੀ (ਜ਼ਿਲ੍ਹਾ ਕਪੂਰਥਲਾ) ਤੱਕ ਹਫਤੇ ਵਿੱਚ ਤਿੰਨ ਵਾਰ ਚੱਲਣ ਵਾਲੀ ਰੇਲ ਗੱਡੀ ਮਨਜ਼ੂਰ ਕਰਨ ਨੂੰ ਕਿਹਾ ਹੈ।

## ਵਿਦੇਸ਼ ਗਏ ਪਤੀ ਨੂੰ ਦੰਗਿਆਂ ਵਿੱਚ ਮਾਰਿਆ ਗਿਆ ਦੱਸ ਕੇ ਫਲੈਟ ਲੈਣ ਦਾ ਕੇਸ ਦਰਜ

ਪਟਿਆਲਾ, 22 ਨਵੰਬਰ (ਪੋਸਟ ਬਿਊਰੋ)- ਸਾਲ 1984 ਵਿੱਚ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਏ ਦੰਗਿਆਂ ਵੇਲੇ ਮਾਰੇ ਗਏ ਲੋਕਾਂ ਦੇ ਪਰਵਾਰਾਂ ਨੂੰ ਰਾਹਤ ਲਈ ਸਰਕਾਰ ਨੇ ਫਲੈਟ ਦੇਣ ਦਾ ਐਲਾਨ ਕੀਤਾ ਸੀ ਤੇ ਫਿਰ ਫਲੈਟ ਅਲਾਟ ਵੀ ਕੀਤੇ ਸਨ। ਇਨ੍ਹਾਂ ਵਿੱਚੋਂ ਇੱਕ ਫਲੈਟ ਲੈਣ ਲਈ ਇੱਕ ਔਰਤ ਨੇ ਪਲਾਨਿੰਗ ਕਰ ਕੇ ਸਰਕਾਰ ਨੂੰ ਚੂਨਾ ਲਾ ਦਿੱਤਾ। ਉਸ ਨੇ ਵਿਦੇਸ਼ ਗਏ ਆਪਣੇ ਪਤੀ ਨੂੰ ਦੰਗਿਆਂ ਦੌਰਾਨ ਮਾਰਿਆ ਗਿਆ ਦੱਸ ਕੇ ਅਰਜ਼ੀ ਦੇ ਦਿੱਤੀ ਤਾਂ ਸਰਕਾਰ ਨੇ ਇੱਕ ਫਲੈਟ ਉਸ ਦੇ ਨਾਂਅ 'ਤੇ ਅਲਾਟ ਕਰ ਦਿੱਤਾ। ਪੁੱਡਾ ਤੋਂ ਅਰਬਨ ਅਸਟੇਟ-1 ਵਿਚਲਾ ਐੱਲ ਆਈ ਜੀ ਫਲੈਟ ਹਾਸਲ ਕਰਨ ਦੇ ਬਾਅਦ ਦੋਸ਼ੀ ਔਰਤ ਨੇ ਇਸ ਨੂੰ ਅੱਗੇ ਵੇਚ ਦਿੱਤਾ ਸੀ। ਇਹੀ ਨਹੀਂ, ਸਰਕਾਰ ਤੋਂ ਦੋ ਲੱਖ ਰੁਪਏ ਮੁਆਵਜ਼ਾ ਵੀ ਉਸ ਨੇ ਲਿਆ ਸੀ, ਜਦ ਕਿ ਉਸ ਦਾ ਪਤੀ ਜਸਪਾਲ ਸਿੰਘ 1984 ਵਿੱਚ ਵਿਦੇਸ਼ ਜਾ ਕੇ 1989 ਵਿੱਚ ਮੁੜਿਆ ਸੀ। ਇਸ ਬਾਰੇ ਵਿੱਚ ਦੋਸ਼ੀ ਔਰਤ ਦੀ ਪੋਲ ਓਦੋਂ ਖੁੱਲ੍ਹੀ, ਜਦੋਂ ਉਸ ਦਾ ਆਪਣੀ ਭਰਜਾਈ ਦੇ ਨਾਲ ਝਗੜਾ ਹੋ ਗਿਆ।

ਜੋਗਿੰਦਰ ਕੌਰ ਨੂੰ ਆਜ਼ਾਦ ਨਗਰ ਨੇ ਚਾਰ ਮਹੀਨੇ ਪਹਿਲੇ ਐੱਸ ਐੱਸ ਪੀ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਜਾਂਚ ਦੇ ਬਾਅਦ ਦੋਸ਼ੀ ਔਰਤ ਤੇਜਿੰਦਰ ਕੌਰ ਅਤੇ ਉਸ ਦੇ ਪਤੀ ਜਗਪਾਲ ਸਿੰਘ ਨਿਊ ਯਾਦਵਿੰਦਰ ਕਲੋਨੀ ਦੇ ਖਿਲਾਫ ਥਾਣਾ ਅਨਾਜ ਮੰਡੀ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਥਾਣਾ ਇੰਚਾਰਜ ਹੈਪੀ ਬੋਪਾਰਾਏ ਨੇ ਦੱਸਿਆ ਕਿ ਇਸ ਦੀ ਜਾਂਚ ਸੀਨੀਅਰ ਅਫਸਰਾਂ ਨੇ ਕੀਤੀ ਹੈ। ਇਹ ਲੋਕ ਵਿਦੇਸ਼ ਵਿੱਚ ਰਹਿੰਦੇ ਦੱਸੇ ਜਾ ਰਹੇ ਹਨ। ਸ਼ਿਕਾਇਤ ਕਰਤਾ ਜੋਗਿੰਦਰ ਕੌਰ ਵੀ ਵਿਦੇਸ਼ ਵਿੱਚ ਰਹਿੰਦੀ ਹੈ। ਹੁਣ ਪੁਲਸ ਨੇ ਲੈਟਰ ਅਗਲੀ ਕਾਰਵਾਈ ਦੇ ਲਈ ਪੁੱਡਾ ਦਫਤਰ ਵੀ ਭੇਜਿਆ ਹੈ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep
SOLD — $645,000 — Darcel/Brandon Gate: ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE — $799,900 — Chinguacousy/Sandalwood: 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE — $3,249,000 — Niagara Falls Ontario: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE — $1,129,900 — Castlemore/Goreway: 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407

### ਸੁਖਬੀਰ ਨੇ ਮੰਗ ਕੀਤੀ

## ਐਸ ਆਈ ਟੀ ਸਿੱਖ ਕਤਲੇਆਮ ਕੇਸ 'ਚ ਸੰਮਨ ਭੇਜ ਕੇ ਸੋਨੀਆ ਕੋਲੋਂ ਪੁੱਛਗਿੱਛ ਕਰੇ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਲ 1984 ਦੇ ਸਿੱਖ ਕਤਲੇਆਮ ਲਈ ਕਾਂਗਰਸ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਕਤਲੇਆਮ ਦੇ ਕੇਸਾਂ ਦੀ ਜਾਂਚ ਕਰ ਰਹੀ ਐਸ ਆਈ ਟੀ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਕੇਸਾਂ ਲਈ ਕਾਂਗਰਸ ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਸੰਮਨ ਭੇਜਿਆ ਜਾਵੇ ਤੇ ਉਸ ਸਮੇਂ ਉਨ੍ਹਾਂ ਤੋਂ ਰਿਹਾਇਸ਼ ਅਤੇ ਘੜੀ ਗਈ ਸਾਜ਼ਿਸ਼ ਬਾਰੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾਵੇ।

ਕੱਲ੍ਹ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਉਂਕਿ ਸਿੱਖ ਕਤਲੇਆਮ ਦੀ ਸਾਜ਼ਿਸ਼ ਉਨ੍ਹਾਂ ਦੇ ਘਰ ਬਣਾਈ ਗਈ ਸੀ ਤੇ ਉਸ ਸਮੇਂ ਸੋਨੀਆ ਦੇ ਪਤੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਵਜੋਂ ਕੇਂਦਰ ਸਰਕਾਰ ਚਲਾ ਰਹੇ ਸਨ, ਇਸ ਲਈ ਸੋਨੀਆ ਗਾਂਧੀ ਕੋਲੋਂ ਪੁੱਛਗਿੱਛ ਨਾਲ ਕਈ ਭੇਦ ਖੁੱਲ੍ਹ ਸਕਦੇ ਹਨ। ਉਨ੍ਹਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਿੰਨੇ ਕੇਸ ਵੱਖ-ਵੱਖ ਅਦਾਲਤਾਂ 'ਚ ਚੱਲ ਰਹੇ ਹਨ, ਉਨ੍ਹਾਂ ਨੂੰ ਇਕੱਠਾ ਕੀਤਾ ਜਾਵੇ ਤੇ ਵਿਸ਼ੇਸ਼ ਕੋਰਟ ਬਣਾ ਕੇ ਰੋਜ਼ ਸੁਣਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਨਿਰਦੇਸ਼ ਦਿੱਤੇ ਜਾਣ ਕਿ 6 ਮਹੀਨਿਆਂ ਅੰਦਰ ਜਾਂਚ ਕਰਕੇ ਫੈਸਲਾ ਦਿੱਤਾ ਜਾਵੇ। ਉਨ੍ਹਾਂ ਨੇ ਗਵਾਹਾਂ ਨੂੰ ਭਰੋਸਾ ਦੇਂਦੇ ਹੋਏ ਕਿਹਾ ਕਿ ਕਿਸੇ ਤੋਂ ਡਰਨ ਦੀ ਲੋੜ ਨਹੀਂ, ਅਕਾਲੀ ਦਲ ਤੁਹਾਡਾ ਸਾਥ ਦੇਵੇਗਾ ਅਤੇ ਹਰ ਸੰਭਵ ਮਦਦ ਦਿੱਤੀ ਜਾਵੇਗੀ। ਸੁਖਬੀਰ ਸਿੰਘ ਨੇ ਕਿਹਾ ਕਿ ਕਾਂਗਰਸ ਸੱਜਣ ਕੁਮਾਰ ਤੇ ਟਾਈਟਲਰ ਵਰਗੇ ਗੁਨਾਹਗਾਰਾਂ ਨੂੰ ਵਜ਼ੀਰੀਆਂ ਤੇ ਜੈਡ ਪਲੱਸ ਸੁਰੱਖਿਆ ਦੇਂਦੀ ਰਹੀ ਹੈ, ਪਰ ਪੀੜਤਾਂ ਤੇ ਗਵਾਹਾਂ ਨੂੰ ਡਰਾਇਆ ਜਾਂਦਾ ਰਿਹਾ, ਇਸ ਦੇ ਬਾਵਜੂਦ ਗਵਾਹਾਂ ਬੀਬੀ ਸ਼ੀਲਾ ਕੌਰ ਅਤੇ ਚਾਮ ਕੌਰ ਨੇ ਅਦਾਲਤ 'ਚ ਦੋਸ਼ੀ ਸੱਜਣ ਕੁਮਾਰ ਦੀ ਸ਼ਨਾਖਤ ਕਰ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੋਨੀਆ ਗਾਂਧੀ ਨੂੰ ਲਾਈ ਡੀਟੇਕਟਰ ਟੈਸਟ ਲਈ ਕਹਿਣਾ ਚਾਹੀਦਾ ਹੈ।

## ਸਰਕਾਰ ਨੇ ਮੰਨਿਆ, ਨੋਟਬੰਦੀ ਦਾ ਕਿਸਾਨਾਂ ਉੱਤੇ ਹੋਇਆ ਬੁਰਾ ਅਸਰ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਸਾਲ 2016 ਵਿੱਚ ਕੇਂਦਰ ਸਰਕਾਰ ਦੇ ਇੱਕ ਫੈਸਲੇ ਨੂੰ ਵਿਰੋਧੀ ਧਿਰ ਸਦਾ ਬਦਕਿਸਮਤੀ ਵਾਲਾ ਕਰਾਰ ਦਿੰਦੀ ਰਹੀ ਤਾਂ ਸਰਕਾਰ ਉਸ ਨੂੰ ਆਪਣੀ ਜਨਤਾ ਲਈ ਲਾਹੇਵੰਦ ਸਾਬਤ ਕਰਨ ਲੱਗੀ ਰਹੀ ਤੇ ਲੋਕਾਂ ਦੇ ਨੋਟਬੰਦੀ 'ਤੇ ਤਰਕ ਦੇਣ ਵਿੱਚ ਉਹ ਕਾਫੀ ਹੱਦ ਤੱਕ ਸਫਲ ਵੀ ਰਹੀ ਸੀ, ਪਰ ਆਖਰ ਕੇਂਦਰ ਸਰਕਾਰ ਦੇ ਖੇਤੀ ਮੰਤਰਾਲਾ ਨੇ ਆਪਣੀ ਇੱਕ ਰਿਪੋਰਟ ਵਿੱਚ ਮੰਨ ਲਿਆ ਹੈ ਕਿ ਕਿਸਾਨਾਂ 'ਤੇ ਨੋਟਬੰਦੀ ਦੇ ਫੈਸਲੇ ਦਾ ਕਾਫੀ ਬੁਰਾ ਅਸਰ ਪਿਆ ਸੀ। ਮੰਤਰਾਲਾ ਨੇ ਮੰਨਿਆ ਹੈ ਕਿ ਨਕਦੀ ਦੀ ਘਾਟ ਦੇ ਕਾਰਨ ਲੱਖਾਂ ਕਿਸਾਨ ਰਬੀ ਸੀਜ਼ਨ ਵਿੱਚ ਬੀਜਾਈ ਲਈ ਬੀਜ-ਖਾਦ ਨਹੀਂ ਖਰੀਦ ਸਕੇ, ਜਿਸ ਦਾ ਉਨ੍ਹਾਂ 'ਤੇ ਕਾਫੀ ਬੁਰਾ ਅਸਰ ਪਿਆ।

ਇਸ ਸੰਬੰਧ ਵਿੱਚ ਖੇਤੀ ਮੰਤਰਾਲੇ ਨੇ ਨੋਟਬੰਦੀ ਦੇ ਅਸਰ 'ਤੇ ਇੱਕ ਰਿਪੋਰਟ ਵੀ ਪਾਰਲੀਮੈਂਟਰੀ ਕਮੇਟੀ ਨੂੰ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਨੋਟਬੰਦੀ ਅਜਿਹੇ ਸਮੇਂ ਹੋਈ, ਜਦੋਂ ਕਿਸਾਨ ਜਾਂ ਆਪਣੀ ਖਰੀਫ ਦੀ ਪੈਦਾਵਾਰ ਵੇਚ ਰਹੇ ਸਨ ਜਾਂ ਰਬੀ ਫਸਲਾਂ ਦੀ ਬੀਜਾਈ ਕਰ ਰਹੇ ਸਨ। ਅਜਿਹੇ ਸਮੇਂ ਵਿੱਚ ਕਿਸਾਨਾਂ ਨੂੰ ਨਕਦੀ ਦੀ ਬੇਹੱਦ ਲੋੜ ਹੁੰਦੀ ਹੈ, ਪਰ ਉਸ ਸਮੇਂ ਕੈਸ਼ ਦੀ ਕਿੱਲਤ ਕਾਰਨ ਲੱਖਾਂ ਕਿਸਾਨ ਬੀਜ ਤੇ ਖਾਦ ਨਹੀਂ ਖਰੀਦ ਸਕੇ। ਪੰਜ ਸੂਬਿਆਂ ਵਿੱਚ ਚੋਣਾਂ ਅਤੇ 2019 ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਖੇਤੀ ਮੰਤਰਾਲੇ ਦੀ ਰਿਪੋਰਟ ਕਿਸਾਨਾਂ ਦੇ ਮਨ 'ਤੇ ਕੀ ਅਸਰ ਪਾਏਗੀ, ਇਹ ਤਾਂ ਸਮਾਂ ਦੱਸੇਗਾ, ਪਰ ਨੋਟਬੰਦੀ 'ਤੇ ਸਰਕਾਰ ਨੂੰ ਘੇਰਨ ਲਈ ਆਪੋਜ਼ੀਸ਼ਨ ਇਸ ਨੂੰ ਇੱਕ ਵੱਡੇ ਹਥਿਆਰ ਦੇ ਰੂਪ ਵਿੱਚ ਜ਼ਰੂਰ ਵਰਤਣ ਦੀ ਕੋਸ਼ਿਸ਼ ਕਰੇਗੀ। ਖੇਤੀ ਮੰਤਰਾਲਾ ਨੇ ਦੱਸਿਆ ਕਿ ਕੈਸ਼ ਦੀ ਕਿੱਲਤ ਕਾਰਨ ਰਾਸ਼ਟਰੀ ਬੀਜ ਨਿਗਮ ਦੇ ਲਗਭਗ ਇੱਕ ਲੱਖ 38 ਹਜ਼ਾਰ ਕੁਇੰਟਲ ਕਣਕ ਦੇ ਬੀਜ ਨਹੀਂ ਵਿਕ ਸਕੇ। ਸਰਕਾਰ ਨੇ ਬਾਅਦ ਵਿੱਚ ਕਣਕ ਦੇ ਬੀਜ ਖਰੀਦਣ ਲਈ 1000 ਅਤੇ 500 ਰੁਪਏ ਦੇ ਪੁਰਾਣੇ ਨੋਟਾਂ ਦੀ ਵਰਤੋਂ ਦੀ ਛੋਟ ਦੇ ਦਿੱਤੀ ਸੀ। ਮੰਤਰਾਲਾ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੀ ਇਸ ਛੋਟ ਨਾਲ ਵੀ ਬੀਜ਼ਾਂ ਦੀ ਵਿਕਰੀ ਵਿੱਚ ਕੋਈ ਖਾਸ ਤੇਜ਼ੀ ਨਹੀਂ ਆਈ ਸੀ।

### ਸੋਹਰਾਬੂਦੀਨ ਝੂਠਾ ਮੁਕਾਬਲਾ ਕੇਸ:

## ਮੁੱਖ ਜਾਂਚ ਅਧਿਕਾਰੀ ਨੇ ਕੋਰਟ ਵਿੱਚ ਕਿਹਾ, ਸਾਜ਼ਿਸ਼ਕਾਰਾਂ ਵਿੱਚ ਅਮਿਤ ਸ਼ਾਹ ਵੀ ਸਨ

ਮੁੰਬਈ, 22 ਨਵੰਬਰ (ਪੋਸਟ ਬਿਊਰੋ)- ਸੋਹਰਾਬੂਦੀਨ ਸ਼ੇਖ਼ ਫਰਜ਼ੀ ਮੁੱਠਭੇੜ ਵਿੱਚ ਭਾਜਪਾ ਨੇਤਾ ਅਮਿਤ ਸ਼ਾਹ, ਪੁਲਸ ਦੇ ਡੀ ਆਈ ਜੀ, ਡੀ ਜੀ ਵਣਜਾਰਾ, ਰਾਜ ਕੁਮਾਰ ਪਾਂਡੀਅਨ ਦਿਨੇਸ਼ ਇਸ ਐੱਮ ਐੱਨ ਕਤਲ ਕੇਸ ਦੇ ਮੁੱਖ ਸਾਜ਼ਿਸ਼ਕਾਰ ਸਨ। ਮੁੱਖ ਜਾਂਚ ਅਧਿਕਾਰੀ ਸੰਦੀਪ ਤਾਮਗੜੇ ਨੇ ਵਿਸ਼ੇਸ਼ ਸੀ ਬੀ ਆਈ ਕੋਰਟ ਵਿੱਚ ਇਹ ਗੱਲ ਕਹੀ।

ਤਾਮਗੜੇ ਨੇ ਦੱਸਿਆ ਕਿ ਸੋਹਰਾਬੂਦੀਨ ਤੇ ਤੁਲਸੀ ਪਰਜਾਪਤੀ ਝੂਠਾ ਮੁਕਾਬਲਾ ਸਿਆਸਤਦਾਨਾਂ ਤੇ ਅਪਰਾਧੀਆਂ ਦੀ ਗੰਢ-ਤੁੱਪ ਦਾ ਨਤੀਜਾ ਸੀ। ਉਨ੍ਹਾਂ ਨੇ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਨੇ ਰਾਜਸਥਾਨ ਦੇ ਓਦੋਂ ਦੇ ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ, ਮਾਰਬਲ ਵਪਾਰੀ ਵਿਮਲ ਪਾਟਨੀ ਤੇ ਹੈਦਰਾਬਾਦ ਦੇ ਆਈ ਪੀ ਐੱਸ ਸੁਬਰਾਮਨੀਅਮ ਅਤੇ ਐੱਸ ਆਈ ਸ੍ਰੀਨਿਵਾਸ ਰਾਓ ਤੋਂ ਪੁੱਛਗਿੱਛ ਕਰ ਕੇ ਚਾਰਜਸ਼ੀਟ ਪੇਸ਼ ਕੀਤੀ ਸੀ, ਪਰ ਜਦ ਬਚਾਅ ਪੱਖ ਦੇ ਵਕੀਲ ਨੇ ਇਸ ਬਿਆਨ ਦੀ ਕਾਪੀ ਦੇਖਣੀ ਚਾਹੀ ਤਾਂ ਪਤਾ ਲੱਗਾ ਕਿ ਉਹ ਅਦਾਲਤ ਦੇ ਰਿਕਰਾਡ ਵਿੱਚ ਨਹੀਂ ਹੈ। ਜੱਜ ਐੱਸ ਜੇ ਸ਼ਰਮਾ ਦੇ ਪੁੱਛਣ ਉੱਤੇ ਸੀ ਬੀ ਆਈ ਅਧਿਕਾਰੀ ਨੇ ਦੱਸਿਆ ਕਿ ਬਿਆਨ ਸੀ ਬੀ ਆਈ ਦਫਤਰ ਵਿੱਚ ਰੱਖੇ ਹਨ।

## ਮੈਨੂੰ ਮਰਵਾਉਣਾ ਚਾਹੁੰਦੀ ਹੈ ਭਾਜਪਾ: ਕੇਜਰੀਵਾਲ

ਖਰਖੋਦਾ/ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੱਲ੍ਹ ਸੋਨੀਪਤ ਦੇ ਥਾਣਾ ਕਲਾ ਪਿੰਡ ਪਹੁੰਚੇ। ਇਥੇ ਉਨ੍ਹਾਂ ਨੇ ਬੀ ਐਸ ਐਫ ਦੇ ਜਵਾਬ ਸ਼ਹੀਦ ਨਰਿੰਦਰ ਦਹੀਆ ਦੇ ਪਰਵਾਰ ਨੂੰ ਇਕ ਕਰੋੜ ਰੁਪਏ ਦਾ ਚੈਕ ਦਿੱਤਾ ਅਤੇ ਭਾਜਪਾ ਉੱਤੇ ਚਾਂਦਮਾਰੀ ਕੀਤੀ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ, 'ਭਾਜਪਾ ਮੈਨੂੰ ਮਰਵਾ ਦੇਣਾ ਚਾਹੁੰਦੀ ਹੈ। ਮੇਰੇ ਉਪਰ ਦੋ ਸਾਲ ਵਿੱਚ ਚਾਰ ਹਮਲੇ ਹੋਏ ਹਨ, ਪਰ ਮੈਂ ਮਰਦੇ ਦਮ ਤੱਕ ਕੰਮ ਕਰਾਂਗਾ।' ਕੇਦਰੀਵਾਲ ਨੇ ਇਨੈਲੋ ਤੋਂ ਵੱਖ ਹੋਏ ਦੁਸ਼ਯੰਤ ਚੌਟਾਲਾ ਧਿਰ ਦੀ ਪਾਰਟੀ ਨਾਲ ਗੱਠਜੋੜ ਦੇ ਸੰਕੇਤ ਵੀ ਦਿੱਤੇ। 9 ਦਸੰਬਰ ਨੂੰ ਪਾਰਟੀ ਬਣਾਉਣ ਦੇ ਵਕਤ ਬੁਲਾਏ ਜਾਣ ਬਾਰੇ ਉਨ੍ਹਾਂ ਨੇ ਕਿਹਾ ਕਿ ਜੇ ਕੋਈ ਸਾਫ ਅਕਸ ਦਾ ਨੇਤਾ ਉਨ੍ਹਾਂ ਨੂੰ ਬੁਲਾਵੇ ਤਾਂ ਉਹ ਜ਼ਰੂਰ ਜਾਣਗੇ, ਗੱਠਜੋੜ ਦੇ ਸਵਾਲ ਨੂੰ ਉਨ੍ਹਾਂ ਨੇ ਟਾਲਦੇ ਹੋਏ ਕਿਹਾ ਕਿ ਇਸ 'ਤੇ ਪਾਰਟੀ ਬਾਅਦ ਵਿੱਚ ਵਿਚਾਰ ਕਰੇਗੀ। ਉਧਰ ਨਵੀਂ ਦਿੱਲੀ ਵਿੱਚ ਮਿਰਚੀ ਅਟੈਕ ਦੇ ਵਿਰੋਧ ਵਿੱਚ 'ਆਪ' ਦੇ ਵਰਕਰਾਂ ਨੇ ਭਾਜਪਾ ਦਫਤਰ ਦੇ ਬਾਹਰ ਪ੍ਰਦਰਸ਼ਨ ਕੀਤਾ।

## ਰਾਮਦੇਵ ਨੂੰ ਜੀ ਐੱਸ ਟੀ ਦਾ ਸੇਕ, ਪੰਜ ਸਾਲਾਂ ਵਿੱਚ ਪਹਿਲੀ ਵਾਰ ਪਤੰਜਲੀ ਦੀ ਵਿਕਰੀ ਘਟੀ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਯੋਗੀ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਆਯੁਰਵੇਦ ਨੂੰ ਜੀ ਐੱਸ ਟੀ ਦਾ ਸੇਕ ਲੱਗਾ ਹੈ। ਪੰਜ ਸਾਲਾਂ ਵਿੱਚ ਪਹਿਲੀ ਵਾਰ ਕੰਪਨੀ ਦੀ ਵਿਕਰੀ ਵਿੱਚ ਗਿਰਾਵਟ ਆਈ ਹੈ। ਮਾਰਚ 2018 ਨੂੰ ਖਤਮ ਹੋਏ ਸਾਲ ਵਿੱਚ ਕੰਪਨੀ ਦੀ ਵਿਕਰੀ 10 ਫੀਸਦੀ ਡਿੱਗ ਕੇ 8148 ਕਰੋੜ ਰੁਪਏ ਰਹੀ ਹੈ।

ਬਲੂਮਬਰਗ ਨੇ ਕੇਅਰ ਰੇਟਿੰਗਸ ਦੇ ਹਵਾਲੇ ਨਾਲ ਪ੍ਰਕਾਸ਼ਿਤ ਕੀਤੀ ਰਿਪੋਰਟ ਵਿੱਚ ਕਿਹਾ ਹੈ ਕਿ ਸਾਲ 2013 ਤੋਂ ਬਾਅਦ ਪਹਿਲੀ ਵਾਰ ਪਤੰਜਲੀ ਦੀ ਵਿਕਰੀ ਵਿੱਚ ਗਿਰਾਵਟ ਆਈ ਹੈ। ਰਿਪੋਰਟ ਮੁਤਾਬਕ ਸਰਕਾਰ ਵੱਲੋਂ ਲਾਗੂ ਕੀਤੇ ਗਏ ਗੁਡਸ ਐਂਡ ਸਰਵਿਸਿਜ਼ ਟੈਕਸ (ਜੀ ਐੱਸ ਟੀ) ਨੂੰ ਲਾਗੂ ਕਰਨ ਲਈ ਕੰਪਨੀ ਕੋਲ ਬੁਨਿਆਦੀ ਢਾਂਚਾ ਨਾ ਹੋਣ ਦੇ ਕਾਰਨ ਪ੍ਰਭਾਵਤ ਹੋਈ ਸਪਲਾਈ ਚੇਨ ਕਾਰਨ ਇਹ ਗਿਰਾਵਟ ਆਈ ਹੈ। ਇਸ ਰਿਪੋਰਟ ਤੋਂ ਬਾਅਦ ਮੰਨਿਆ ਜਾ ਰਿਹਾ ਹੈ ਕਿ ਕੰਪਨੀ ਦੇ ਬ੍ਰਾਂਡ ਅੰਬੈਸਡਰ ਯੋਗੀ ਬਾਬਾ ਰਾਮਦੇਵ ਵੱਲੋਂ ਅਗਲੇ ਪੰਜ ਸਾਲਾਂ ਲਈ ਨਿਰਧਾਰਤ ਕੀਤਾ ਗਿਆ 20,000 ਕਰੋੜ ਰੁਪਏ ਦੀ ਵਿਕਰੀ ਦਾ ਟਰਨਓਵਰ ਦਾ ਟੀਚਾ ਅਧੂਰਾ ਰਹਿ ਸਕਦਾ ਹੈ। ਕੰਪਨੀ ਦਾ ਮਾਲੀਆ 2012 ਵਿੱਚ 5000 ਕਰੋੜ ਤੋਂ ਘੱਟ ਸੀ, ਪਰ 2016 ਤੱਕ ਕੰਪਨੀ 10,000 ਕਰੋੜ ਦੇ ਮਾਲੀਆ ਤੱਕ ਪਹੁੰਚ ਗਈ ਸੀ। ਇਸ ਸਾਲ ਮਈ ਵਿੱਚ ਬਾਬਾ ਰਾਮਦੇਵ ਨੇ ਆਪਣੀ ਕੰਪਨੀ ਲਈ 20,000 ਕਰੋੜ ਰੁਪਏ ਦੀ ਟੀਚਾ ਤੈਅ ਕੀਤਾ ਸੀ। ਕੰਪਨੀ ਵੱਲੋਂ ਜ਼ਮੀਨੀ ਪੱਧਰ 'ਤੇ ਛੋਟੇ ਤੋਂ ਛੋਟੇ ਕਸਬਿਆਂ ਵਿੱਚ ਸਥਾਪਤ ਕੀਤਾ ਗਿਆ ਵਿਕਰੀ ਦਾ ਨੈੱਟਵਰਕ ਹੀ ਕੰਪਨੀ ਦੀ ਰੀੜ੍ਹ ਸੀ, ਪਰ ਇਹ ਨੈੱਟਵਰਕ ਜੀ ਐੱਸ ਟੀ ਦੀ ਤਰ੍ਹਾਂ

## ਪ੍ਰਧਾਨ ਮੰਤਰੀ ਦਫਤਰ ਨੇ ਭ੍ਰਿਸ਼ਟਾਚਾਰੀ ਸ਼ਿਕਾਇਤਾਂ ਦੇ ਵੇਰਵੇ ਦੇਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਨੇ ਕੇਂਦਰੀ ਮੰਤਰੀਆਂ ਦੇ ਖਿਲਾਫ ਮਿਲੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਪੀ ਐਮ ਓ ਦਾ ਕਹਿਣਾ ਹੈ ਕਿ ਅਜਿਹਾ ਸੰਭਵ ਤੌਰ ਉਤੇ ਕਿਸੇ ਵਿਅਕਤੀ ਬਾਰੇ ਜਾਣਕਾਰੀ ਦੇਣਾ ਅਤੇ ਮੁਸ਼ਕਲ ਕੋਸ਼ਿਸ਼ ਨੂੰ ਸ਼ੁਰੂ ਕਰਨਾ ਹੋਵੇਗਾ। ਇਕ ਆਰ ਟੀ ਆਈ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਦਫਤਰ ਨੇ ਕਿਹਾ ਕਿ ਵੱਖ-ਵੱਖ ਕੇਂਦਰੀ ਮੰਤਰੀਆਂ ਤੇ ਉਚ ਅਧਿਕਾਰੀਆਂ ਖਿਲਾਫ ਸਮੇਂ-ਸਮੇਂ ਅਜਿਹੀਆਂ ਸ਼ਿਕਾਇਤਾਂ ਮਿਲ ਜਾਂਦੀਆਂ ਹਨ। ਇਨ੍ਹਾਂ ਵਿੱਚ ਉਹ ਸ਼ਿਕਾਇਤਾਂ ਵੀ ਹਨ, ਜਿਹੜੀਆਂ ਫਰਜ਼ੀ ਨਾਂਅ ਤੋਂ ਆਉਂਦੀਆਂ ਹਨ ਜਾਂ ਬੇਨਾਮ ਹੁੰਦੀਆਂ ਹਨ। ਪੀ ਐਮ ਓ ਨੇ ਵ੍ਹਿਸਲ ਬਲੋਅਰ ਨੌਕਰਸ਼ਾਹ ਸੰਜੀਵ ਚਤੁਰਵੇਦੀ ਦੀ ਆਰ ਟੀ ਆਈ ਪਟੀਸ਼ਨ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਲਈ ਸਾਰੀਆਂ ਸ਼ਿਕਾਇਤਾਂ ਤੇ ਦੋਸ਼ਾਂ ਦੀ ਉਨ੍ਹਾਂ ਨੂੰ ਗੰਭੀਰਤਾ ਤੇ ਉਨ੍ਹਾਂ ਨਾਲ ਨੱਥੀ ਦਸਤਾਵੇਜ਼ਾਂ ਦੇ ਆਧਾਰ 'ਤੇ ਚੰਗੀ ਤਰ੍ਹਾਂ ਨਾਲ ਪਰਖਿਆ ਜਾਂਦਾ ਹੈ। ਲੋੜ ਮੁਤਾਬਕ ਕਾਰਵਾਈ ਕਰਨ ਤੋਂ ਬਾਅਦ ਰਿਕਾਰਡ ਕਿਸੇ ਇਕ ਸਥਾਨ 'ਤੇ ਨਹੀਂ ਰੱਖੇ ਜਾਂਦੇ ਅਤੇ ਇਹ ਸਾਰੇ ਦਸਤਾਵੇਜ਼ ਇਸ ਦਫਤਰ ਦੇ ਵੱਖ-ਵੱਖ ਸੈਕਟਰਾਂ ਅਤੇ ਯੂਨਿਟਾਂ ਵਿੱਚ ਫੈਲੇ ਹੋਏ ਹਨ।

## 29 ਹਜ਼ਾਰ ਕਰੋੜ ਦੇ ਅਸਿੱਧੇ ਟੈਕਸ ਦੀ ਚੋਰੀ ਫੜੀ ਗਈ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਵਿੱਤ ਮੰਤਰਾਲੇ ਦੀ ਜਾਂਚ ਸ਼ਾਖਾ ਨੇ ਚਾਲੂ ਵਿੱਤੀ ਵਰ੍ਹੇ 'ਚ ਅਪ੍ਰੈਲ ਤੋਂ ਅਕਤੂਬਰ ਦੌਰਾਨ 1835 ਕੇਸਾਂ ਵਿੱਚ 29,088 ਕਰੋੜ ਰੁਪਏ ਦੇ ਅਸਿੱਧੇ ਟੈਕਸਾਂ ਦੀ ਚੋਰੀ ਫੜੀ ਹੈ।

ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਸਭ ਤੋਂ ਵੱਧ ਟੈਕਸ ਚੋਰੀ ਸਰਵਿਸ ਟੈਕਸ ਦੇ ਕੇਸਾਂ ਵਿੱਚ ਫੜੀ ਗਈ ਹੈ। ਜੀ ਐਸ ਟੀ ਦੀ ਟੈਕਸ ਚੋਰੀ ਫੜਨ ਵਾਲੇ ਡਾਇਰੈਕਟਰ ਜਨਰਲ ਆਫ ਜੀ ਐਸ ਟੀ ਇੰਟੈਲੀਜੈਂਸ (ਡੀ ਜੀ ਜੀ ਆਈ) ਨੂੰ 571 ਕੇਸਾਂ ਵਿੱਚ 4562 ਕਰੋੜ ਰੁਪਏ ਦੀ ਟੈਕਸ ਚੋਰੀ ਮਿਲੀ, ਪਰ ਸਭ ਤੋਂ ਵੱਧ ਟੈਕਸ ਚੋਰੀ ਸਰਵਿਸ ਟੈਕਸ ਦੇ ਕੇਸਾਂ ਵਿੱਚ ਫੜੀ ਗਈ। ਇਸ ਦੇ 1145 ਕੇਸਾਂ ਵਿੱਚ 22973 ਕਰੋੜ ਰੁਪਏ ਦੀ ਟੈਕਸ ਚੋਰੀ ਫੜੀ ਗਈ। ਇਸ ਤੋਂ ਇਲਾਵਾ ਕੇਂਦਰੀ ਉਤਪਾਦ ਫੀਸ ਦੇ 119 ਕੇਸਾਂ 'ਚ 1553 ਕਰੋੜ ਰੁਪਏ ਦੀ ਚੋਰੀ ਦਾ ਪਤਾ ਚੱਲਿਆ ਹੈ। ਅਧਿਕਾਰੀ ਨੇ ਦੱਸਿਆ ਕਿ ਕੁੱਲ ਮਿਲਾ ਕੇ 29,088 ਕਰੋੜ ਰੁਪਏ ਦੀ ਅਸਿੱਧੇ ਟੈਕਸਾਂ ਦੀ ਚੋਰੀ ਦਾ ਪਤਾ ਚੱਲਿਆ ਹੈ। ਇਹ ਅੰਕੜਾ ਹੋਰ ਵਧਣ ਦੀ ਸੰਭਾਵਨਾ ਹੈ, ਕਿਉਂਕਿ ਸੈਂਟਰਲ ਬੋਰਡ ਆਫ ਇਨਡਾਇਰੈਕਟ ਟੈਕਸਜ਼ (ਸੀ ਬੀ ਆਈ ਸੀ) ਦੇ ਫੀਲਡ ਅਧਿਕਾਰੀਆਂ ਵੱਲੋਂ ਫੜੇ ਗਏ ਮਾਮਲੇ ਇਸ 'ਚ ਸ਼ਾਮਲ ਨਹੀਂ ਹਨ। ਟੈਕਸ ਚੋਰੀ ਦੇ ਕੇਸਾਂ 'ਚ ਮਾਲੀਆ ਵਸੂਲੀ ਦੇ ਸਵਾਲ 'ਤੇ ਅਧਿਕਾਰੀਆਂ ਨੇ ਦੱਸਿਆ ਕਿ ਸੱਤ ਮਹੀਨਿਆਂ 'ਚ 5427 ਕਰੋੜ ਰੁਪਏ ਦੀ ਰਕਮ ਵਸੂਲੀ ਗਈ ਹੈ। ਪਿਛਲੇ ਵਰ੍ਹੇ 'ਚ ਫੜੀ ਗਈ ਟੈਕਸ ਚੋਰੀ ਦੀ ਰਕਮ ਇਸ 'ਚ ਸ਼ਾਮਲ ਹੈ। ਕੁੱਲ ਵਸੂਲੀ 'ਚ 3125 ਕਰੋੜ ਰੁਪਏ ਜੀ ਐਸ ਟੀ, 2174 ਕਰੋੜ ਰੁਪਏ ਸਰਵਿਸ ਟੈਕਸ ਤੇ 128 ਕਰੋੜ ਰੁਪਏ ਕੇਂਦਰੀ ਉਤਪਾਦ ਫੀਸ ਦੇ ਸਨ।

ਪਿਛਲੇ ਮਹੀਨੇ ਵਿੱਤੀ ਮੰਤਰਾਲੇ ਨੇ ਕੇਂਦਰੀ ਉਤਪਾਦ ਫੀਸ, ਸਰਵਿਸ ਟੈਕਸ ਅਤੇ ਜੀ ਐਸ ਟੀ ਦੀ ਚੋਰੀ ਫੜਨ ਲਈ ਮੁਖਬਰਾਂ ਨੂੰ ਇਨਾਮ ਦੇਣ ਦੀ ਯੋਜਨਾ ਦਾ ਵਾਧਾ ਕੀਤਾ ਸੀ। ਪੁਲਸ, ਬੀ ਐਸ ਐਫ, ਸੀ ਆਈ ਐਸ ਐਫ ਤੇ ਕੋਸਟ ਗਾਰਡ ਦੇ ਅਧਿਕਾਰੀਆਂ ਨੂੰ ਵੀ ਇਨ੍ਹਾਂ ਯੋਜਨਾਵਾਂ 'ਚ ਸ਼ਾਮਲ ਕੀਤਾ ਗਿਆ ਹੈ।

## ਗੂਗਲ ਨੇ ਭਾਰਤ ਲਈ ਨੇਬਰਲੀ ਲਾਂਚ ਕੀਤਾ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਗੂਗਲ ਨੇ ਭਾਰਤ ਲਈ ਇੱਕ ਨਵਾਂ ਐਪਲੀਕੇਸ਼ਨ ਲਾਂਚ ਕੀਤਾ ਹੈ, ਜਿਸ ਦੀ ਹਰ ਪਾਸੇ ਕਾਫੀ ਚਰਚਾ ਚੱਲਦੀ ਸੁਣੀ ਜਾ ਰਹੀ ਹੈ। ਨੇਬਰਲੀ ਨਾਂਅ ਦੇ ਇਸ ਐਪਲੀਕੇਸ਼ਨ ਨਾਲ ਲੋਕ ਆਪਣੇ ਨੇੜੇ ਖਾਣ-ਪੀਣ ਦੀਆਂ ਚੰਗੀਆਂ ਦੁਕਾਨਾਂ, ਸਟਰੀਟ ਫੂਡ ਤੋਂ ਇਲਾਵਾ ਸਭ ਤੋਂ ਭਰੋਸੇ ਯੋਗ ਕਾਰ ਰਿਪੇਅਰ ਸ਼ਾਪ ਲੱਭ ਸਕਦੇ ਹਨ। ਹਾਲੇ ਇਸ ਐਪਲੀਕੇਸ਼ਨ ਨੂੰ ਦਿੱਲੀ ਅਤੇ ਬੰਗੌਲਰ ਵਿੱਚ ਲਾਂਚ ਕੀਤਾ ਗਿਆ ਹੈ। ਹੈਦਰਾਬਾਦ, ਚੇਨਈ ਅਤੇ ਕੋਲਕਾਤਾ ਵਰਗੇ ਸ਼ਹਿਰਾਂ 'ਚ ਇਸ ਨੂੰ ਆਉਣ ਵਾਲੇ ਦਿਨਾਂ ਵਿੱਚ ਲਾਂਚ ਕੀਤਾ ਜਾਵੇਗਾ। ਗੂਗਲ ਨੇ ਇੱਕ ਬਲਾਗ ਪੋਸਟ ਨਾਲ ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਲਿਖਿਆ ਹੈ ਕਿ ਸਾਨੂੰ ਪਤਾ ਹੈ ਕਿ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਚੀਜ਼ਾਂ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਹੁੰਦੀਆਂ ਹਨ ਤੇ ਹਰ ਕੋਈ ਜਾਣਕਾਰੀ ਹਾਸਲ ਕਰਨ ਦਾ ਇਛੁੱਕ ਹੁੰਦਾ ਹੈ। ਇਸ ਲਈ ਅਕਸਰ ਇਨਸਾਨ ਆਪਣੇ ਕਰੀਬੀ ਦੋਸਤਾਂ ਤੇ ਰਿਸ਼ਤੇਦਾਰਾਂ ਨਾਲ ਗੱਲ ਕਰਦਾ ਹੈ। ਨੇਬਰਲੀ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਇਲਾਕੇ ਦੇ ਹੀ ਦੂਜੇ ਯੂਜ਼ਰਸ ਤੋਂ ਪੁੱਛ ਕੇ ਜਾਣਕਾਰੀ ਸ਼ੇਅਰ ਕਰੇਗਾ। ਗੂਗਲ ਨੇ ਮਈ 'ਚ ਮੁੰਬਈ ਤੋਂ ਇਸ ਐਪ ਦੀ ਟੈਸਟਿੰਗ ਸ਼ੁਰੂ ਕੀਤੀ, ਪਰ ਕੁਝ ਮਹੀਨਿਆਂ ਤੋਂ ਛੇ ਹੋਰ ਸ਼ਹਿਰਾਂ ਵਿੱਚ ਇਸ ਦੀ ਟੈਸਟਿੰਗ ਚੱਲ ਰਹੀ ਹੈ। ਪਿਛਲੇ ਜੂਨ ਤੋਂ ਬਾਅਦ 15 ਲੱਖ ਲੋਕਾਂ ਨੇ ਇਸ ਨੂੰ ਡਾਊਨਲੋਡ ਕੀਤਾ ਹੈ।

Machine Operators Required
ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।
• ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
• ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
• ਪੱਕੇ ਘੰਟਿਆਂ ਵਾਲਾ ਪੱਕਾ ਕੰਮ
Duties & Responsibilities
• Assemble, load and unload production parts
• lifting up to 20 lbs
• Operate on 2-3 CNC machines at one time.
• Use mechanical attitude to troubleshoot and maintain different machine
Pay Rate: $15 - $16 per hour
To apply send resume to
aisha@wemovepeople.co

• Insurance •
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

A/Z DRIVERS/OWNER OPERATORS NEEDED FOR LOCAL & USA
Earn upto $21 to $32/hr
• USA owner operators 0.95 cent/mile + Fuel
• USA company drivers 0.60 cent/ mile
• Canada owner Operators 0.85 cent/mile + Fuel
• Canada company Drivers 0.50 cent.mile
Skylark Logistics Inc.
Sam Mann: 416-617-2405
Mr. Kyla: 519-821-7999 ext.222

BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates, Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

ਥੈਂਕਸ ਗਿਵਿੰਗ ਟ੍ਰੈਡੀਸ਼ਨ :

## ਡੋਨਾਲਡ ਟਰੰਪ ਨੇ ਦੋ ਮੁਰਗਿਆਂ ਨੂੰ ਮੁਆਫੀ ਦੇ ਕੇ ਕਿਹਾ, ਉਹ ਰਹਿਣ ਦੇ ਲਈ ਆਜ਼ਾਦ ਹਨ



ਵਾਸ਼ਿੰਗਟਨ, 22 ਨਵੰਬਰ (ਪੋਸਟ ਬਿਊਰੋ)- ਥੈਂਕਸ ਗਿਵਿੰਗ ਟ੍ਰੈਡਿਸ਼ਨ ਦੇ ਤਹਿਤ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਵਾਰ ਟਰਕੀ ਬਰਡ (ਮੁਰਗਿਆਂ ਦੀ ਨਸਲ) ਦੇ ਜੋੜੇ ਨੂੰ ਮੁਆਫੀ ਦਿੱਤੀ ਹੈ। ਇਸ ਜੋੜੇ ਦੇ ਨਾਂਅ ਕੈਰੇਟ ਅਤੇ ਪੀਸ ਹਨ। ਪੀਸ ਦਾ ਵਜਨ 17.69 ਕਿਲੋ ਅਤੇ ਕੈਰੇਟ ਦਾ ਵਜਨ 18.59 ਸੀ।

ਅਮਰੀਕਾ ਵਿੱਚ ਥੈਂਕ ਗਿਵਿੰਗ ਟ੍ਰੈਡਿਸ਼ਨ ਮਨਾਉਣ ਦੇ ਰਿਵਾਜ਼ ਹੇਠ ਇਸ ਵਾਰ ਰਾਸ਼ਟਰਪਤੀ ਭਵਨ, ਵ੍ਹਾਈਟ ਹਾਈਸ ਵਿੱਚ ਆਨਲਾਈਨ ਪ੍ਰਤੀਯੋਗਤਾ ਕਰਵਾਈ ਗਈ, ਇਹ ਜਾਨਣ ਲਈ ਕਿ ਕਿਸ ਲੱਕੀ ਬਰਡ ਨੂੰ ਆਜ਼ਾਦ ਕੀਤਾ ਜਾਏ। ਇਸ ਪ੍ਰਤੀਯੋਗਤਾ ਵਿੱਚ ਪੀਸ ਨੂੰ ਲੱਕੀ ਬਰਡ ਦੇ ਤੌਰ 'ਤੇ ਚੁਣਿਆ ਗਿਆ। ਇਸ ਦੇ ਬਾਅਦ ਟਰੰਪ ਨੇ ਪੰਛੀਆਂ ਨੂੰ ਆਜ਼ਾਦ ਕੀਤਾ, ਨਾਲ ਮਜ਼ਾਕੀਆ ਅੰਦਾਜ਼ ਵਿੱਚ ਕਿਹਾ, ਉਹ ਰਹਿਣ ਦੇ ਲਈ ਆਜ਼ਾਦ ਹਨ, ਪਰ ਬਰਡਜ਼ ਨੂੰ ਡੈਮੋਕ੍ਰੇਟਸ ਦਾ ਜਵਾਬ ਦੇਣਾ ਪੈ ਸਕਦਾ ਹੈ। ਵਰਣਨਯੋਗ ਹੈ ਕਿ 1989 ਵਿੱਚ ਪਹਿਲੀ ਵਾਰ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਨੇ 22.67 ਕਿਲੋ ਵਜ਼ਨੀ ਟਰਕੀ ਨੂੰ ਮੁਆਫ ਕੀਤਾ ਸੀ। ਇਸ ਦੇ ਬਾਅਦ ਇਹ ਪਰੰਪਰਾ ਹਰ ਸਾਲ ਚੱਲ ਪਈ।

## ਵਾਤਾਵਰਨ 'ਚ ਗ੍ਰੀਨਹਾਊਸ ਗੈਸਾਂ ਦੀ ਮਾਤਰਾ ਹੁਣ ਤੱਕ ਰਿਕਾਰਡ ਪੱਧਰ 'ਤੇ ਜਾ ਪੁੱਜੀ

ਜਨੇਵਾ, 22 ਨਵੰਬਰ (ਪੋਸਟ ਬਿਊਰੋ)- ਯੂ ਐੱਨ ਓ ਨੇ ਹਵਾ ਪ੍ਰਦੂਸ਼ਣ ਦੇ ਜਾਨਲੇਵਾ ਪੱਧਰ ਤੱਕ ਪਹੁੰਚਣ ਉਤੇ ਸੰਸਾਰ ਭਾਈਚਾਰੇ ਨੂੰ ਸਖ਼ਤ ਚਿਤਾਵਨੀ ਦਿੱਤੀ ਅਤੇ ਖ਼ਬਰਦਾਰ ਕੀਤਾ ਹੈ ਕਿ ਵਾਤਾਵਰਨ 'ਚ ਗ੍ਰੀਨ ਹਾਊਸ ਗੈਸਾਂ (ਕਾਰਬਨਡਾਈ ਆਕਸਾਈਡ, ਮਿਥੇਨ, ਜਲ ਵਾਸ਼ਪ) ਦੀ ਮਾਤਰਾ ਨਵੇਂ ਰਿਕਾਰਡ ਤੱਕ ਪਹੁੰਚ ਗਈ ਹੈ। ਇਸ ਜਾਨਲੇਵਾ ਸਮੱਸਿਆ ਨਾਲ ਨਜਿੱਠਣ 'ਚ ਦੇਰੀ ਦੀ ਹੁਣ ਕੋਈ ਗੁੰਜਾਇਸ਼ ਨਹੀਂ ਰਹਿ ਗਈ।

ਮਿਲੀ ਜਾਣਕਾਰੀ ਅਨੁਸਾਰ ਯੂ ਐੱਨ ਦੇ ਮੌਸਮ ਬਾਰੇ ਸੰਗਠਨ ਵਰਲਡ ਮੀਟੀਆਰਲਾਜਿਕਲ ਆਰਗੇਨਾਈਜੇਸ਼ਨ (ਡਬਲਯੂ ਐੱਮ ਓ) ਨੇ ਆਪਣੀ ਸਾਲਾਨਾ ਰਿਪੋਰਟ 'ਚ ਇਹ ਚਿਤਾਵਨੀ ਦਿੱਤੀ ਹੈ। ਡਬਲਿਯੂ ਐੱਮ ਓ ਮੁਖੀ ਪੀਟਰ ਟਾਲਸ ਦੇ ਮੁਤਾਬਕ ਕਾਰਬਨ ਡਾਈ ਆਕਸਾਈਡ ਤੇ ਹੋਰ ਗ੍ਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਭਾਰੀ ਕਟੌਤੀ ਨਾ ਕੀਤੀ ਗਈ ਤਾਂ ਪੌਣ-ਪਾਣੀ ਬਦਲਾਅ ਦਾ ਧਰਤੀ 'ਤੇ ਜੀਵਨ ਲਈ ਮਾਰੂ ਅਸਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨਾਲ ਮੁਕਾਬਲੇ ਦਾ ਅਸਰ ਕਰੀਬ-ਕਰੀਬ ਖ਼ਤਮ ਹੋ ਚੁੱਕਾ ਹੈ। ਗ੍ਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਦੇ ਮੁੱਦੇ 'ਤੇ ਫੌਰੀ ਸਖਤ ਕਦਮ ਚੁੱਕਣੇ ਪੈਣਗੇ। ਡਬਲਿਯੂ ਐੱਮ ਓ ਦੀ 'ਗ੍ਰੀਨ ਹਾਊਸ ਗੈਸ ਬੁਲੇਟਿਨ' ਸਿਰਲੇਖ ਹੇਠ ਰਿਪੋਰਟ ਓਦੋਂ ਆਈ ਹੈ, ਜਦੋਂ ਪੌਣ-ਪਾਣੀ ਬਾਰੇ ਅਗਲੇ ਮਹੀਨੇ ਕੌਮਾਂਤਰੀ ਸੰਮੇਲਨ ਪੋਲੈਂਡ 'ਚ ਹੋਣ ਜਾ ਰਿਹਾ ਹੈ।



ਇਸੇ ਦੌਰਾਨ ਮਾਰਸ਼ਲ ਟਾਪੂ ਗਰੁੱਪ ਦੇਸ਼ ਦੀ ਰਾਜਧਾਨੀ ਮਜੁਰੋ ਵਿੱਚ ਕਲਾਈਮੇਟ ਚੇਂਜ ਦੇ ਆਨਲਾਈਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਯੂ ਐੱਨ ਜਨਰਲ ਸਕੱਤਰ ਐਂਟੋਨੀਓ ਗੁਤੇਰਸ ਇਸ ਬਾਰੇ ਚਿੰਤਾ ਪ੍ਰਗਟਾਈ ਕਿ ਸੰਸਾਰ ਤਾਪਮਾਨ ਵਾਧੇ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਸ਼ਵ ਭਾਈਚਾਰਾ ਜ਼ਰੂਰੀ ਕਦਮ ਨਹੀਂ ਚੁੱਕ ਰਿਹਾ। ਉਨ੍ਹਾਂ ਕਿਹਾ ਕਿ ਪੌਣ-ਪਾਣੀ ਬਦਲਾਅ ਦੀ ਸਮੱਸਿਆ ਨਾਲ ਨਜਿੱਠਣ 'ਚ ਦੇਰੀ ਦੀ ਕੋਈ ਗੁੰਜਾਇਸ਼ ਨਹੀਂ। ਡਬਲਿਯੂ ਐੱਮ ਓ ਦੀ ਇਸ ਸਾਲ ਦੀ ਰਿਪੋਰਟ 'ਚ 2017 ਦੇ ਦਿੱਤੇ ਅੰਕੜਿਆਂ ਮੁਤਾਬਕ ਪੌਣ-ਪਾਣੀ 'ਚ ਕਾਰਬਨ ਡਾਈਆਕਸਾਈਡ ਦੀ ਮਾਤਰਾ 2015 ਅਤੇ 2016 ਦੇ ਮੁਕਾਬਲੇ 2017 'ਚ ਵਧੀ ਹੈ। ਇਸ ਤੋਂ ਇਲਾਵਾ ਇਲਾਵਾ ਮਿਥੇਨ, ਨਾਈਟਪਸ ਆਕਸਾਈਡ ਤੇ ਓਜੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਸੀ ਐੱਫ ਐੱਲ-11 ਗੈਸਾਂ ਦੀ ਮਾਤਰਾਂ ਵਿੱਚ ਭਾਰੀ ਵਾਧਾ ਹੋਇਆ ਹੈ। ਡਬਲਿਯੂ ਐੱਮ ਓ ਦੀ ਉਪ ਮੁਖੀ ਏਲੇਨਾ ਮਾਨੇਨਕੋਵਾ ਮੁਤਾਬਕ, ਵਾਤਾਵਰਨ 'ਚ ਮੌਜੂਦ ਲੋੜ ਤੋਂ ਵੱਧ ਕਾਰਬਨ ਡਾਈਆਕਸਾਈਡ ਦੀ ਮਾਤਰਾ ਹਟਾਉਣ ਲਈ ਮੌਜੂਦਾ ਸਮੇਂ 'ਚ ਕੋਈ ਜਾਦੂ ਦੀ ਛੜੀ ਨਹੀਂ ਹੈ। ਇਸ 'ਚ ਭਾਰਤੀ ਕਟੌਤੀ ਕਰਨਾ ਹੀ ਪੌਣ-ਪਾਣੀ ਬਦਲਾਅ ਦੀ ਸਮੱਸਿਆ ਨਾਲ ਨਜਿੱਠਣ ਦਾ ਇੱਕੋ ਇਕ ਰਸਤਾ ਹੈ।

## ਅਮਰੀਕਾ ਨੇ ਪਾਕਿਸਤਾਨ ਨੂੰ ਦੇਣ ਵਾਲੀ 1.66 ਅਰਬ ਡਾਲਰ ਦੀ ਮਦਦ ਰੋਕੀ

ਵਾਸ਼ਿੰਗਟਨ, 22 ਨਵੰਬਰ (ਪੋਸਟ ਬਿਊਰੋ)- ਅਮਰੀਕਾ ਨੇ ਪਾਕਿ-ਸਤਾਨ ਨੂੰ ਦਿੱਤੇ ਜਾਣ ਵਾਲੀ 1.66 ਅਰਬ ਡਾਲਰ ਦੀ ਰੱਖਿਆ ਮਦਦ 'ਤੇ ਰੋਕ ਲਾ ਦਿੱਤੀ ਹੈ ਅਤੇ ਇਸ ਦਾ ਬੜਾ ਮਹੱਤਵ ਮੰਨਿਆ ਜਾ ਰਿਹਾ ਹੈ।

ਪੈਂਟਾਗਨ ਅਨੁਸਾਰ ਮਾਹਰਾਂ ਦਾ ਮੰਨਣਾ ਹੈ ਕਿ ਇਹ ਅਮਰੀਕੀ ਮਾਯੂਸੀ ਦਾ ਇਕ ਮਜ਼ਬੂਤ ਸੰਕੇਤ ਹੈ। ਅਮਰੀਕਾ ਦੀ ਫੌਜ ਦੇ ਹੈਡਕੁਆਰਟਰ ਪੈਂਟਾਗਨ ਦਾ ਇਹ ਬਿਆਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਟਿੱਪਣੀ ਪਿੱਛੋਂ ਆਇਆ ਹੈ, ਜਦ ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ ਨੇ ਅਮਰੀਕਾ ਲਈ ਕੁਝ ਨਹੀਂ ਕੀਤਾ, ਉਸ ਦੀ ਸਰਕਾਰ ਨੇ ਅਲ ਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਨੂੰ ਆਪਣੇ ਕੋਲ ਐਬਟਾਬਾਦ ਸ਼ਹਿਰ 'ਚ ਛਿਪਾ ਕੇ ਰੱਖਣ 'ਚ ਉਸ ਦੀ ਮਦਦ ਕੀਤੀ ਸੀ। ਇਕ ਸਵਾਲ ਦੇ ਜਵਾਬ 'ਚ ਅਮਰੀਕੀ ਰੱਖਿਆ ਮੰਤਰਾਲੇ ਦੇ ਬੁਲਾਰੇ ਕਰਨਲ ਰਾਬ ਮੈਨਿੰਗ ਨੇ ਕਿਹਾ ਕਿ ਪਾਕਿਸਤਾਨ ਨੂੰ ਦਿੱਤੇ ਜਾਣ ਵਾਲੀ 1.66 ਅਰਬ ਅਮਰੀਕੀ ਡਾਲਰ ਦੀ ਰੱਖਿਆ ਸਹਾਇਤਾ 'ਤੇ ਰੋਕ ਲਗਾ ਦਿੱਤੀ ਗਈ ਹੈ।

## ਸਾਬਕਾ ਫੌਜੀ ਨੂੰ 1982 ਦੇ ਕਤਲੇਆਮ ਕੇਸ 'ਚ 5,160 ਸਾਲ ਦੀ ਜੇਲ

ਗਵਾਟੇਮਾਲਾ ਸਿਟੀ, 22 ਨਵੰਬਰ (ਪੋਸਟ ਬਿਊਰੋ)- ਗਵਾਟੇਮਾਲਾ ਦੀ ਇਕ ਅਦਾਲਤ ਨੇ ਬੁੱਧਵਾਰ ਇਕ ਸਾਬਕਾ ਫੌਜੀ ਨੂੰ ਗ੍ਰਹਿ ਯੁੱਧ ਦੌਰਾਨ 201 ਕਿਸਾਨਾਂ ਦੇ ਕਤਲੇਆਮ ਦੇ ਕੇਸ ਵਿੱਚ 5,160 ਸਾਲ ਜੇਲ ਦੀ ਸਜ਼ਾ ਸੁਣਾਈ ਹੈ। ਇਸ ਮੱਧ ਅਮਰੀਕੀ ਦੇਸ਼ ਦੇ ਗ੍ਰਹਿ ਯੁੱਧ ਵਿੱਚ ਉਹ ਕਤਲੇਆਮ ਸਭ ਤੋਂ ਭਿਆਨਕ ਘਟਨਾਵਾਂ 'ਚੋਂ ਇਕ ਸੀ।

ਅਦਾਲਤ ਨੇ ਸਾਂਤੋਸ ਲੋਪੇਜ ਨੂੰ ਉਸ ਕਤਲੇਆਮ ਵਿੱਚ 171 ਲੋਕਾਂ ਦੇ ਕਤਲ ਦਾ ਦੋਸ਼ੀ ਪਾਇਆ ਅਤੇ ਹਰ ਕੇਸ ਲਈ 30-30 ਸਾਲ, ਮਤਲਬ ਕੁਲ 5,130 ਸਾਲ ਦੀ ਸਜ਼ਾ ਸੁਣਾਈ। ਉਸ ਨੂੰ ਇਕ ਬੱਚੇ ਦੀ ਹੱਤਿਆ ਦਾ ਸਿਲਸਿਲੇ 'ਚ ਹੋਰ 30 ਸਾਲ ਸਜ਼ਾ ਮਿਲੀ। ਸਜ਼ਾ ਸੰਕੇਤਕ ਹੈ, ਕਿਉਂਕਿ ਗਵਾਟੇਮਾਲਾ 'ਚ ਜੇਲ ਦੀ ਸਜ਼ਾ ਦੀ ਵੱਧ ਤੋਂ ਵੱਧ ਮਿਆਦ



50 ਸਾਲ ਹੈ। ਲੋਪੇਜ ਕੈਬਿਲ (ਸਾਬਕਾ ਫੌਜੀ) ਅਮਰੀਕਾ ਵੱਲੋਂ ਜਵਾਬੀ ਕਾਰਵਾਈ ਫੋਰਸ ਦਾ ਮੈਂਬਰ ਸੀ। ਉਸ ਨੂੰ ਅਮਰੀਕਾ 'ਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ 2016 'ਚ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਜਾਂਚ ਮੁਤਾਬਕ ਲੋਪੇਜ ਉਸ ਦਲ ਦਾ ਮੈਂਬਰ ਸੀ, ਜਿਸ ਨੇ ਦਸੰਬਰ 1982 ਵਿੱਚ ਮੈਕਸੀਕੋ ਦੀ ਸਰਹੱਦ ਨਾਲ ਲੱਗਦੇ ਗਵਾਟੇਮਾਲਾ ਦੇ ਦੋਸ ਅਰੇਸ ਖੇਤਰ ਵਿੱਚ ਕਤਲੇਆਮ ਕੀਤਾ ਸੀ। ਯੂ ਐੱਨ ਓ ਮੁਤਾਬਕ 1996 ਤੱਕ ਚਲੇ ਗਵਾਟੇਮਾਲਾ ਦੇ ਗ੍ਰਹਿ ਯੁੱਧ ਦੌਰਾਨ ਕਰੀਬ 2 ਲੱਖ ਲੋਕ ਮਾਰੇ ਗਏ ਜਾਂ ਲਾਪਤਾ ਹੋ ਗਏ ਸਨ।

## ਇਟਲੀ ਵਿੱਚ ਮਿਸਰ ਮੂਲ ਦਾ ਆਈ ਐੱਸ ਆਈ ਐੱਸ ਦਾ ਸ਼ੱਕੀ ਅੱਤਵਾਦੀ ਕਾਬੂ

ਰੋਮ, ਇਟਲੀ, 22 ਨਵੰਬਰ (ਪੋਸਟ ਬਿਊਰੋ)- ਇਟਲੀ ਸਰਕਾਰ ਇਸ ਦੇਸ਼ ਨੂੰ ਯੂਰਪ ਦਾ ਖੁਸ਼ਹਾਲ ਦੇਸ਼ ਬਣਾਉਣ ਵਿਚ ਰੁੱਝੀ ਹੋਈ ਹੈ, ਇਟਲੀ ਪੁਲਸ ਦੇਸ਼ ਨੂੰ ਆਤੰਕ ਤੋਂ ਬਚਾਉਣ ਲਈ ਮੁਜਰਮਾਂ ਦੀ ਪੈੜ ਬਾਰੀਕੀ ਨਾਲ ਨੱਪ ਰਹੀ ਹੈ। ਇਸ ਕੋਸ਼ਿਸ਼ ਵਿਚ ਕੱਲ੍ਹ ਮਿਲਾਨ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲ ਗਈ ਹੈ, ਜਦੋਂ ਪੁਲਸ ਨੇ ਦੁਨੀਆ ਦੀ ਸਭ ਤੋਂ ਖੌਫਨਾਕ ਦਹਿਸ਼ਤਗਰਦ ਅੱਤਵਾਦੀ ਸੰਸਥਾ ਆਈ ਐੱਸ ਆਈ ਐੱਸ ਦਾ ਸ਼ੱਕੀ ਕਾਰਿੰਦਾ ਉਦੋਂ ਦਬੋਚ ਲਿਆ, ਜਦੋਂ ਉਹ ਦੇਸ਼ ਵਿਚ ਹਿੰਸਕ ਕਾਰਵਾਈਆਂ ਕਰਨ ਦੀ ਤਾਕ ਵਿਚ ਸੀ।



ਮਿਸਰ ਦੇਸ਼ ਦੇ ਵਾਸੀ ਇਸ ਅੱਤਵਾਦੀ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਹ ਵਿਸ਼ੇਸ਼ ਫੌਜੀ ਸਿਖਲਾਈ ਲੈ ਕੇ ਇਟਲੀ ਵਿਚ ਅੱਤਵਾਦੀ ਕਾਰਵਾਈਆਂ ਕਰਨ ਲਈ ਆਇਆ ਸੀ। ਇਟਲੀ ਪੁਲਸ ਨੂੰ ਆਈ ਐੱਸ ਆਈ ਐੱਸ ਦੇ ਇਸ ਕਾਰਿੰਦੇ ਦੀ ਪਹਿਲਾਂ ਹੀ ਭਿਣਕ ਸੀ, ਜਿਸ ਕਾਰਨ ਇਟਲੀ ਦੇ ਕਈ ਸ਼ਹਿਰਾਂ ਤੇ ਰਾਜਾਂ ਦੀ ਬਹੁਤ ਹੀ ਬਾਰੀਕੀ ਨਾਲ ਜਾਂਚ ਚੱਲ ਰਹੀ ਸੀ। ਇਨ੍ਹਾਂ ਵਿਚ ਲਾਅਕੁਲਾ, ਅਬੂਜੋ, ਲੰਬਾਰਦੀਆ, ਇਮਿਲੀਆ ਰੋਮਾਨ ਤੇ ਪੀਏਦਮੋਂਟ ਆਦਿ ਮੁੱਖ ਸਨ। ਪੁਲਸ ਸਾਹਮਣੇ ਇਸ ਦਹਿਸ਼ਤਗਰਦ ਨੇ ਮੰਨਿਆ ਕਿ ਉਹ ਯੁੱਧ ਲਈ ਪੂਰੀ ਤਰ੍ਹਾਂ ਤਿਆਰ ਹੈ।

## ਤਾਲਿਬਾਨ ਸ਼ਾਂਤੀ ਲਈ ਗੰਭੀਰ ਨਹੀਂ: ਅਫਗਾਨਿਸਤਾਨ

ਪੈਰਿਸ, 22 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਮੁੱਖ ਕਾਰਜਕਾਰੀ ਅਬਦੁੱਲਾ-ਅਬਦੁੱਲਾ ਨੇ ਫਰਾਂਸ ਵਿਚ ਕਿਹਾ ਕਿ ਜੰਗ ਪ੍ਰਭਾਵਿਤ ਦੇਸ਼ ਵਿਚ ਸ਼ਾਂਤੀ ਲਿਆਉਣ ਲਈ ਅਮਰੀਕਾ ਨੇ ਨਵੇਂ ਸਿਰੇ ਤੋਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਇਸ ਦੇ ਬਾਵਜੂਦ ਤਾਲਿਬਾਨ ਨੇ ਅਜੇ ਤੱਕ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ, ਜਿਸ ਤੋਂ ਲੱਗੇ ਕਿ ਉਹ ਪਿਛਲੇ 17 ਸਾਲ ਤੋਂ ਜਾਰੀ ਸੰਘਰਸ਼ ਨੂੰ ਖਤਮ ਕਰਨ ਲਈ ਗੰਭੀਰ ਹੈ। ਤਿੰਨ ਦਿਨਾ ਦੌਰੇ 'ਤੇ ਫਰਾਂਸ ਪਹੁੰਚੇ ਅਬਦੁੱਲਾ ਨੇ ਬੁੱਧਵਾਰ ਨੂੰ ਇਕ ਇੰਟਰਵਿਊ ਵਿਚ ਕਿਹਾ ਕਿ ਹਾਲ ਹੀ ਵਿਚ ਕੌਮਾਂਤਰੀ ਭਾਈਚਾਰੇ ਅਤੇ ਖਾਸ ਤੌਰ 'ਤੇ ਅਮਰੀਕਾ ਵਲੋਂ ਨਵੇਂ ਸਿਰੇ ਤੋਂ ਕੋਸ਼ਿਸ਼ ਸ਼ੁਰੂ ਹੋਈ ਹੈ। ਮੈਂ ਇਹ ਕਹਿਣਾ ਚਾਹਾਂਗਾ ਕਿ ਅਜੇ ਤੱਕ ਦਾ ਸਾਡਾ ਤਜਰਬਾ ਹੈ ਕਿ ਉਨ੍ਹਾਂ ਨੇ ਸ਼ਾਂਤੀ ਵਾਰਤਾ ਨੂੰ ਗੰਭੀਰਤਾ ਨਾਲ ਲੈਣ ਦਾ ਇਰਾਦਾ ਜ਼ਾਹਰ ਨਹੀਂ ਕੀਤਾ।

## ਚੀਨ 'ਚ ਕਾਰ ਵੱਲੋਂ ਦਰੜੇ ਗਏ ਪੰਜ ਬੱਚਿਆਂ ਦੀ ਮੌਤ

ਬੀਜਿੰਗ, 22 ਨਵੰਬਰ (ਪੋਸਟ ਬਿਊਰੋ)- ਚੀਨ ਦੇ ਪੂਰਬੀ-ਉੱਤਰੀ ਲਿਓਨਿੰਗ ਸੂਬੇ 'ਚ ਵੀਰਵਾਰ ਇਕ ਤੇਜ਼ ਰਫ਼ਤਾਰ ਕਾਰ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਦਰੜ ਕੇ ਲੰਘ ਗਈ। ਇਸ ਹਾਦਸੇ 'ਚ ਪੰਜ ਬੱਚਿਆਂ ਦੀ ਮੌਤ ਹੋ ਗਈ। ਜ਼ਖਮੀ 18 ਬੱਚਿਆਂ ਵਿੱਚੋਂ ਕੁਝ ਦੀ ਹਾਲਤ ਨਾਜ਼ੁਕ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਹੋਇਆ, ਜਦੋਂ ਜਿਆਚਾਂਗ ਕਾਊਂਟੀ ਦੇ ਹੁਲੁਦਾਓ ਸ਼ਹਿਰ 'ਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਦਾ ਗਰੁੱਪ ਸੜਕ ਪਾਰ ਕਰ ਰਿਹਾ ਸੀ। ਚੀਨ ਦੇ ਸਰਕਾਰੀ ਅਖ਼ਬਾਰ 'ਚਾਈਨਾ ਡੇਲੀ' ਦੇ ਮੁਤਾਬਕ ਕਾਰ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਖ਼ਬਾਰ ਦੀ ਵੈੱਬਸਾਈਟ ਉਤੇ ਛਪੀਆਂ ਤਸਵੀਰਾਂ 'ਚ ਸੜਕ ਉੱਤੇ ਕਈ ਬੱਚੇ ਬੇਹੋਸ਼ ਪਏ ਦਿੱਸੇ। ਸੋਸ਼ਲ ਮੀਡੀਆ ਉੱਤੇ ਦਿੱਤੀ ਗਈ ਇਕ ਵੀਡੀਓ 'ਚ ਕਾਰ ਗ਼ਲਤ ਦਿਸ਼ਾ ਤੋਂ ਆਉਂਦੀ ਦਿੱਸ ਰਹੀ ਹੈ। ਬਾਅਦ ਵਿੱਚ ਉਹ ਬੱਚਿਆਂ ਨੂੰ ਦਰੜਦੀ ਚਲੀ ਗਈ। ਇਕ ਤਸਵੀਰ ਵਿੱਚ ਦੋ ਬੱਚੇ ਖ਼ੂਨ ਨਾਲ ਲਥਪਥ ਦਿਖਾਈ ਦਿੱਤੇ। ਸਥਾਨਕ ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

ਚੀਨ 'ਚ ਦੋ ਮਹੀਨੇ ਪਹਿਲਾਂ ਵੀ ਇਸੇ ਤਰ੍ਹਾਂ ਦੀ ਇਕ ਘਟਨਾ ਹੋਈ ਸੀ। ਸਤੰਬਰ ਵਿੱਚ ਹੁਨਾਨ ਸੂਬੇ 'ਚ ਇਕ ਡਰਾਈਵਰ ਨੇ ਆਪਣੀ ਐੱਸ ਯੂ ਵੀ ਭੀੜ 'ਤੇ ਚੜ੍ਹਾ ਦਿੱਤੀ ਸੀ। ਇਸ ਹਾਦਸੇ 'ਚ 11 ਲੋਕਾਂ ਦੀ ਮੌਤ ਹੋ ਗਈ ਸੀ।


A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





Honesty, Reliability, Commitment

HOMELIFE SILVERCITY

"Open House Until Sold"

Hira Randhawa
Broker

- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.

RESP
Act immediately to get 15% Extra govt. grant of Year 2018

Visitor/Travel/Life/ Disability/Funeral Insurance





MICHELIN | Hankook | Continental | ROADLUX | BFGoodrich | AEOLUS



Chevron Delo

Special OIL CHANGE Rates

# BEST TRUCK REPAIR & TIRE CENTRE

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum - On Special Sale!
-Made in U.S

4 CAT Batteries $500 on Special Sale

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

1715 Sismet Rd, Mississauga | Call Ranjit: 416.624.8351 | Tel: 905.625.0055

# ਮੈਰੀ ਕੌਮ ਵਿਸ਼ਵ ਮੁੱਕੇਬਾਜ਼ੀ ਦੇ ਫਾਈਨਲ ਵਿੱਚ ਰਿਕਾਰਡ ਦੇ ਨੇੜੇ ਪਹੁੰਚੀ

ਨਵੀਂ ਦਿੱਲੀ, 22 ਨਵੰਬਰ, (ਪੋਸਟ ਬਿਊਰੋ)- ਭਾਰਤੀ ਸੁਪਰ ਸਟਾਰ ਐਮ ਸੀ ਮੈਰੀ ਕੌਮ (48 ਕਿਲੋ) ਨੇ ਆਪਣੇ ਛੇਵੇਂ ਖ਼ਿਤਾਬ ਦੇ ਰਿਕਾਰਡ ਵੱਲ ਵਧਦੇ ਹੋਏ ਅੱਜ ਇੱਥੇ ਕੇ ਡੀ ਜਾਧਵ ਹਾਲ ਵਿੱਚ ਦਸਵੀਂ ਏ ਆਈ ਬੀ ਏ ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਥਾਂ ਬਣਾ ਕੇ ਚਾਂਦੀ ਦਾ ਤਗਮਾ ਪੱਕਾ ਕਰ ਲਿਆ ਹੈ। ਦੂਸਰੇ ਪਾਸੇ ਲਵਲੀਨਾ ਬੋਰਗੋਹੇਨ (69 ਕਿਲੋ) ਨੂੰ ਆਖਰੀ ਚਾਰ ਵਿੱਚ ਹਾਰ ਕੇ ਕਾਂਸੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਉਹ ਵੈਲਟਰਵੇਟ ਵਿੱਚ ਚੀਨੀ ਤਾਇਪੈ ਦੀ ਚੇਨ ਨੀਅਨ ਚਿਨ ਤੋਂ 0-4 ਨਾਲ ਹਾਰ ਗਈ।

ਆਪਣੇ ਛੇਵੇਂ ਤੇ ਚੈਂਪੀਅਨਸ਼ਿਪ ਵਿੱਚ ਸੱਤਵੇਂ ਤਗਮੇ ਵਾਸਤੇ ਕੋਸ਼ਿਸ਼ ਵਿੱਚ ਜੁਟੀ ਹੋਈ ਮੈਰੀ ਕੌਮ ਨੇ ਅੱਜ ਆਪਣੇ ਤਜਰਬੇ ਅਤੇ ਰਣਨੀਤੀ ਅਨੁਸਾਰ ਖੇਡ ਕੇ ਸੈਮੀ ਫਾਈਨਲ ਵਿੱਚ ਉਤਰ ਕੋਰੀਆ ਦੀ ਕਿਮ ਹਿਆਂਗ ਮਿ ਨੂੰ 5-0 ਨਾਲ ਹਰਾਇਆ। ਮੈਰੀ ਕੌਮ ਨੇ ਬੀਤੇ ਸਾਲ ਏਸ਼ਿਅਨ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਇਸ ਉਤਰ ਕੋਰਿਆਈ ਮੁੱਕੇਬਾਜ਼ ਨੂੰ ਹਰਾਇਆ ਸੀ, ਜੋ ਕਾਫ਼ੀ ਫੁਰਤੀਲੀ ਅਤੇ ਹਮਲਾਵਰ ਖੇਡਦੀ ਹੈ। ਮਨੀਪੁਰ ਦੀ ਮੁੱਕੇਬਾਜ਼ ਮੈਰੀ ਕੌਮ ਨੇ ਆਪਣੇ ਸਟੀਕ ਅਤੇ ਤੇਜ਼ਤਰਾਰ ਮੁੱਕਿਆਂ ਨਾਲ ਤਿੰਨ ਜੱਜਾਂ ਤੋਂ 29-28, 30-27, 30-27, 30-27, 30-27 ਨਾਲ ਨੰਬਰ ਹਾਸਲ ਕੀਤੇ। ਅੱਗੋਂ ਉਹ 24 ਨਵੰਬਰ ਨੂੰ ਹੋਣ ਵਾਲੇ ਖ਼ਿਤਾਬੀ ਮੁਕਾਬਲੇ ਵਿੱਚ ਯੂਕਰੇਨ ਦੀ ਹੰਨਾ ਓਖੋਟਾ ਨਾਲ ਭਿੜੇਗੀ।

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi
B.A., LL.B.
6921 Steels Ave. W. Unit 11, Etobicoke, ON

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ
ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ
- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੈਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ
- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies
Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Aaxel Insurance Brokers Ltd.

INSURANCE
HOME
AUTO
BUSINESS
TRUCKING
R.E.S.P
COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਦੀਵਾਲੀਆਪਨ ਤੋਂ ਬਚੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ
jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜ਼ਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੋਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਵੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

YOUR AD HERE
Check our Free E-paper at:
www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416-268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

STARLANE PAINTING
Residential - Commercial - Industrial
Hotel - Motel - Exterior
Interior - Spray Painting
Office Painting - Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days a Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜ਼ਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 - 647.409.1092
www.STARLANEPAINTING.com

# ਹੱਕ ਸੱਚ ਦਾ ਹੋਕਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ

-ਪ੍ਰੋ. ਬਸੰਤ ਸਿੰਘ ਬਰਾੜ

ਸਾਰੇ ਵਿਸ਼ਵ ਦੇ ਧਰਮਾਂ ਦੇ ਸੰਸਥਾਪਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਅਤੇ ਦੇਣ ਨਿਵੇਕਲੀ ਹੈ, ਲਾਸਾਨੀ ਹੈ। ਕਿਧਰੇ ਕੋਈ ਅਜਿਹੀ ਧਾਰਮਿਕ ਅਧਿਆਤਮਕ, ਸਮਾਜਕ, ਰਾਜਨੀਤਕ, ਮਾਨਵਵਾਦੀ ਅਤੇ ਪਰਵਾਰਕ ਖੇਤਰਾਂ ਵਿੱਚ ਨਾਲ ਨਾਲ ਵਿਚਰਨ ਵਾਲੀ ਹਸਤੀ ਨਹੀਂ ਮਿਲਦੀ ਜਿਸ ਨੇ ਆਪਣੇ ਬ੍ਰਹਮ ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਸੰਗੀਤਮਈ ਕਵਿਤਾ ਰਾਹੀਂ ਦੂਰ ਦੂਰ ਜਾ ਕੇ ਸਮਝਾਇਆ ਹੋਵੇ। ਅਫਸੋਸ ਇਹ ਹੈ ਕਿ ਉਨ੍ਹਾਂ ਨੂੰ ਸਿਰਫ ਸਿੱਖ ਧਰਮ ਤੱਕ ਸੀਮਿਤ ਕਰ ਕੇ ਬਾਕੀ ਵਿਸ਼ਵ ਉਨ੍ਹਾਂ ਦੀਆਂ ਲਾਸਾਨੀ ਰਚਨਾਵਾਂ ਤੋਂ ਲਗਭਗ ਅਗਿਆਨ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਕੁਝ ਰਬਿੰਦਰਨਾਥ ਟੈਗੋਰ ਅਤੇ ਅੱਲਾਮਾ ਇਕਬਾਲ ਵਰਗੇ ਮਹਾਨ ਗੈਰ ਸਿੱਖਾਂ ਨੇ ਵੀ ਪੂਰੀ ਤਰ੍ਹਾਂ ਸਮਝਿਆ ਹੈ ਅਤੇ ਪ੍ਰਸ਼ੰਸਾ ਕੀਤੀ ਹੈ। ਟੈਗੋਰ ਪਰਵਾਰ ਹਰ ਸਾਲ ਕੁਝ ਦਿਨਾਂ ਲਈ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਉਂਦਾ ਸੀ ਅਤੇ ਉਨ੍ਹਾਂ ਨੇ ਗੁਰਬਾਣੀ ਵਿੱਚੋਂ ਚਾਰ ਸ਼ਬਦਾਂ ਨੂੰ ਬ੍ਰਹਮੋ ਸਮਾਜ ਦੇ ਨਿਤਨੇਮ ਵਿੱਚ ਸ਼ਾਮਲ ਕੀਤਾ ਹੈ। ਗੁਰੂ ਨਾਨਕ ਦੇਵ ਜਦੀ ਦੀ ਰਚੀ ਹੋਈ ਨਿਵੇਕਲੀ ਆਰਤੀ 'ਗਗਨ ਮੇਂ ਥਾਲ' ਨੂੰ ਉਹ ਸੰਸਾਰ ਦੀਆਂ ਸਰਵਸ੍ਰੇਸ਼ਟ ਕਿਰਤਾਂ ਵਿੱਚੋਂ ਇੱਕ ਗਿਣਦੇ ਸਨ। ਇਸੇ ਤਰ੍ਹਾਂ ਸਰ ਮੁਹੰਮਦ ਇਕਬਾਲ ਨੇ ਲਿਖਿਆ ਹੈ, 'ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖਵਾਬ ਸੇ।'

ਬਾਬਰਵਾਣੀ ਵਿੱਚ ਜ਼ੁਲਮ ਅਤੇ ਹਿੰਸਾ ਵਿਰੁੱਧ ਦਲੇਰੀ ਨਾਲ ਬੋਲਣ ਅਤੇ ਲੜਨ ਦੀ ਗੁਰੂ ਜੀ ਦੀ ਲਲਕਾਰ ਅਦੁੱਤੀ ਹੈ। ਇਸ ਵਿੱਚ ਤਿੰਨ ਸ਼ਬਦ ਰਾਗ ਆਸਾ ਦੀ ਵਾਰ ਵਿੱਚ ਹਨ, 'ਖੁਰਾਸਾਨ ਕਸਮਾਨਾ ਕੀਆ ਹਿੰ-ਦੁਸਤਾਨ ਡਰਾਇਆ', 'ਜਿਨ ਸਿਰ ਸੋਹਨ ਪੱਟੀਆਂ ਮਾਂਗੀ ਪਏ ਸੰਧੂਰ', 'ਕਹਾਂ ਸੋ ਖੇਲ ਤਬੇਲਾ ਘੋੜੇ' ਅਤੇ 'ਜੈਸੀ ਮੈਂ ਆਵੈ ਖਸਮ ਕੀ ਬਾਣੀ' ਰਾਗ ਤਿਲੰਗ ਵਿੱਚ ਹਨ। ਗੁਰੂ ਜੀ ਨੇ ਬੇਖੌਫ ਹੋ ਕੇ ਬਾਬਰ ਦੀ ਫੌਜ ਨੂੰ 'ਪਾਪਾ ਕੀ ਜੰਞ' ਕਿਹਾ ਅਤੇ ਸਖਤ ਭਾਸ਼ਾ ਵਿੱਚ 'ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਉਹ ਰੱਬ ਨੂੰ ਵੀ ਉਲਾਮਾ ਦੇਣ ਤੋਂ ਨਹੀਂ ਝਿਜਕੇ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'। ਸੱਚ, ਇਨਸਾਫ ਅਤੇ ਮਨੁੱਖੀ ਸਮਾਨਤਾ ਲਈ ਲੜਨ ਅਤੇ ਬਲੀਦਾਨ ਦੇਣ ਲਈ ਉਨ੍ਹਾਂ ਨੇ ਸਭ ਨੂੰ ਚੁਣੌਤੀ ਦਿੱਤੀ, 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨਾ ਕੀਜੈ।'' ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿਵਾਉਣ ਵਿੱਚ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਅਤੁੱਲ ਅਤੇ ਅਭੁੱਲ ਹੈ। ਜਿਸ ਵੇਲੇ ਭਾਰਤ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਉਨ੍ਹਾਂ ਨੇ ਗੱਜ ਕੇ ਕਿਹਾ, 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ।'

'ਰਾਜਾਨ' ਤੋਂ ਉਨ੍ਹਾਂ ਦਾ ਭਾਵ ਗੁਰੂ ਨਾਨਕ ਦੇਵ ਜੀ ਰਾਜੇ ਮਹਾਰਾਜੇ ਨਹੀਂ ਬਲਕਿ ਉਚ ਕੋਟੀ ਦੇ ਇਨਸਾਨ ਸਨ। ਭਾਰਤੀ ਸਮਾਜ ਵਿੱਚ ਖੁੱਲ੍ਹ ਕੇ ਜੀਣ ਅਤੇ ਵਿਕਾਸ ਕਰਨ ਦੇ ਜਿੰਨੇ ਮੌਕੇ ਗੁਰੂ ਸਾਹਿਬ ਦੀਆਂ ਸ਼ਿਸ਼ (ਸਿੱਖ) ਔਰਤਾਂ ਨੂੰ ਹਨ ਓਨੇ ਸ਼ਾਇਦ ਹੀ ਕਿਸੇ ਹੋਰ ਸਮਾਜ ਵਿੱਚ ਹੋਣ। ਇਹ ਸਭ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੀ ਲਹਿਰ ਸਦਕਾ ਹੀ ਹੈ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਬਾਰੇ ਕੁਝ ਗਲਤ ਧਾਰਨਾਵਾਂ ਫੈਲਾ ਛੱਡੀਆਂ ਹਨ। ਪਹਿਲੀ ਇਹ ਕਿ ਪੰਜਾਬੀ ਭਾਸ਼ਾ ਗੁਰੂ ਨਾਨਕ ਦੇਵ ਜੀ ਸਮੇਂ ਆਰੰਭ ਹੋਈ। ਇਹ ਧਾਰਨਾ ਠੀਕ ਨਹੀਂ ਹੈ ਕਿਉਂਕਿ ਬਾਬਾ ਫਰੀਦ ਦੀ ਬਾਣੀ ਠੇਠ ਪੰਜਾਬੀ ਵਿੱਚ ਹੈ ਅਤੇ ਉਹ ਗੁਰੂ ਸਾਹਿਬ ਤੋਂ ਪਹਿਲਾਂ ਹੋਏ ਹਨ। ਦੂਜੀ ਧਾਰਨਾ ਗੁਰਮੁਖੀ ਲਿਪੀ ਬਾਰੇ ਹੈ ਕਿ ਇਹ ਗੁਰੂ ਅੰਗਦ ਦੇਵ ਜੀ ਨੇ ਵਿਕਸਿਤ ਕੀਤੀ। ਦਰਅਸਲ ਇਹ ਲਿਪੀ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲਾਂ ਦੀ ਹੈ।

ਗੁਰੂ ਜੀ ਨੇ 'ਪੱਟੀ ਲਿਪੀ' ਵਿੱਚ ਸਾਰੇ ਪੈਂਤੀ ਅੱਖਰਾਂ ਨਾਲ ਸ਼ਬਦ ਲਿਖੇ ਹਨ। ਸਿਰਫ ਤਰਤੀਬ ਥੋੜ੍ਹੀ ਵੱਖਰੀ ਹੈ। ਸ. ੲ, ੳ ਤੇ * ਆਰੰਭ ਵਿੱਚ ਹਨ। ਹ ਅਤੇ ਅ ਅੰਤ ਵਿੱਚ ਹਨ। ਦੋ ਅੱਖਰ ਜੋ ਮੇਰੇ ਕੋਲ ਨਹੀਂ ਹਨ ਅਤੇ ਅਲੋਪ ਹੋ ਚੱਲੇ ਹਨ ਵੀ ਵਿੱਚ ਸ਼ਾਮਲ ਹਨ। ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਪੈਂਤੀ ਅੱਖਰਾਂ ਨੂੰ ਨਵੀਂ ਤਰਤੀਬ ਦਿੱਤੀ ਸੀ। ਲਗਾਂ ਮਾਤਰਾ ਦਾ ਵਿਕਾਸ ਕੁਝ ਬਾਅਦ ਵਿੱਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਫਲਸਫੇ, ਪ੍ਰਮਾਤਮ ਦੀ ਕੁਦਰਤ ਵਿੱਚ ਹੋਂਦ, ਸੱਚਾ ਸੁੱਚਾ ਜੀਵਨ ਜੀਣ, ਵੰਡ ਕੇ ਛਕਣ, ਗਊ ਗਰੀਬ ਦੀ ਰੱਖਿਆ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਅਨੇਕ ਹੋਰ ਪਹਿਲੂਆਂ ਬਾਰੇ ਸਾਰੇ ਲੋਕ ਜਾਣਦੇ ਹਨ। ਬ੍ਰਹਮ ਗਿਆਨ ਦੀ ਸ਼ਕਤੀ ਨਾਲ ਗੁਰੂ ਜੀ ਨੂੰ ਸਾਰੀ ਸ੍ਰਿਸ਼ਟੀ ਬਾਰੇ ਹੈਰਾਨੀਜਨਕ ਪੱਧਰ ਦਾ ਗਿਆਨ ਆਉਣ ਤੋਂ ਪਹਿਲਾਂ 'ਅਰਬਦ ਨਰਬਦ ਧੁੰਧੂਕਾਰਾ' ਸੀ। ਫਿਰ 'ਸਾਚਤੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥ ਜਲ ਤੇ ਤ੍ਰਿਭਵਣ ਸਾਜਿਆ ਘਟੇ ਘਟ ਜੋਤ ਸਮੋਇ॥'

ਇਹ ਵਿਸ਼ਲੇਸ਼ਣ ਡਾਰਵਿਨ ਵੱਲੋਂ ਆਪਣੀ ਕਿਤਾਬ 'ਦਿ ਉਰਿਜਨ ਆਫ ਦ ਪਸੀਸ਼ੀਜ਼' ਵਿੱਚ ਦਿੱਤੇ ਫਲਸਫੇ ਨਾਲ ਮੇਲ ਖਾਂਦਾ ਹੈ। ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਇੱਕ ਬੈਲ ਨੇ ਚੁੱਕੀ ਹੋਈ ਹੈ ਤਾਂ ਗੁਰੂ ਸਾਹਿਬ ਨੇ ਕਿਹਾ, 'ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰ ਤਲੈ ਕਵਣੁ ਜੋਰੁ॥' ਕੁਝ ਅਖੌਤੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਕ੍ਰਿਤ, ਫ਼ਾਰਸੀ, ਅਰਬੀ ਵਗੈਰਾ ਦੇ ਗਿਆਨ ਬਾਰੇ ਸ਼ੰਕੇ ਉਤਪਨ ਕੀਤੇ ਹਨ। ਇਸ ਦਾ ਕਾਰਨ ਸਿਰਫ ਇਹ ਹੈ ਕਿ ਗੁਰੂ ਜੀ ਨੇ ਸਵਾਰਥੀ ਹਿੱਤਾਂ ਵਾਲੇ ਤੱਤਾਂ ਦੀ ਲੁੱਟ ਖਸੁੱਟ ਤੋਂ ਆਮ ਆਦਮੀ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਬਾਣੀ ਹਰ ਕਿਸੇ ਦੇ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਰਚੀ। ਉਨ੍ਹਾਂ ਨੇ ਸਾਧਾਰਨ ਜੀਵਨ ਦੀ ਬੋਲਚਾਲ ਵਾਲੀ ਭਾਸ਼ਾ ਵਰਤ ਕੇ ਆਤਮਾ ਪ੍ਰਮਾਤਮਾ ਅਤੇ ਜੀਵਨ ਜਾਚ ਦੇ ਰਹੱਸ ਜਨ ਸਾਧਾਰਨ ਤੱਕ ਪਹੁੰਚਾਏ। ਇਸ ਆਮ ਭਾਸ਼ਾ ਅਤੇ ਨਿੱਤ ਪ੍ਰਤੀ ਦੇ ਜੀਵਨ ਵਿੱਚੋਂ ਉਨ੍ਹਾਂ ਨੇ ਅਜਿਹੇ ਬਿੰਬ ਪ੍ਰਯੋਗ ਕੀਤੇ ਕਿ ਪੰਜਾਬੀ ਕਵਿਤਾ ਵਿੱਚ ਗਜ਼ਬ ਦੀ ਸੰਖੇਪਤਾ, ਸਪੱਸ਼ਟਤਾ ਅਤੇ ਉਚਾਈਆਂ ਲਿਆਂਦੀ।



ਹਲ, ਸੁਹਾਗਾ, ਅਹਰਣਿ, ਖਲਾ ਆਦਿ ਉਨ੍ਹਾਂ ਨੇ ਉਚ ਕੋਟੀ ਦੇ ਬਿੰਬ ਬਣਾਏ। ਇੱਕ ਸ਼ਬਦ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਸਾਇਰ (ਸ਼ਾਇਰ) ਕਿਹਾ ਹੈ ਅਤੇ ਜੇ ਉਨ੍ਹਾਂ ਦਾ ਕੇਵਲ ਇੱਕ ਕਵੀ ਦੇ ਤੌਰ 'ਤੇ ਹੀ ਮੁੱਲਾਂਕਣ ਕੀਤਾ ਜਾਵੇ ਤਾਂ ਉਹ ਦੁਨੀਆ ਦੇ ਕਿਸੇ ਕਵੀ ਤੋਂ ਪਿੱਛੇ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਸ ਤੱਥ ਦੇ ਪ੍ਰਤੱਖ ਪ੍ਰਮਾਣ ਹਨ ਕਿ ਉਹ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਵਿੱਚ ਨਿਪੁੰਨ ਸਨ। ਉਨ੍ਹਾਂ ਨੇ ਸ੍ਰਿਸ਼ਟੀ ਦੇ ਸਾਜਣ ਬਾਰੇ ਮਨੁੱਖੀ ਅਗਿਆਨਤਾ ਪ੍ਰਗਟ ਕਰਦੇ ਹੋਏ ਲਿਖਿਆ ਹੈ, 'ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖ ਕੁਰਾਣੁ॥ ਥਿਤਿ ਵਾਰ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੇ ਸੋਈ॥' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਸਾਰੇ ਹਿੰਦੂ ਗ੍ਰੰਥ ਵੀ ਪੜ੍ਹੇ ਹੋਏ ਸਨ ਅਤੇ ਕੁਰਾਨ ਸ਼ਰੀਫ ਵੀ। ਉਸ ਵੇਲੇ ਹਿੰਦੂ ਗ੍ਰੰਥ ਕੇਵਲ ਸੰਸਕ੍ਰਿਤ ਵਿੱਚ ਸਨ ਅਤੇ ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿੱਚ ਹੈ। ਫ਼ਾਰਸੀ ਵਿੱਚ ਵੀ ਗੁਰੂ ਜੀ ਨੇ ਚਾਰ ਸ਼ਲੋਕ ਲਿਖੇ ਹਨ।

ਗੁਰੂ ਨਾਨਕ ਦੇਵ ਜੀ ਬਹੁਤ ਸੁਰੀਲੇ ਗਲ਼ੇ ਦੇ ਧਨੀ ਵੀ ਹੋਣਗੇ। ਉਨ੍ਹਾਂ ਦੀ ਸਾਰੀ ਬਾਣੀ ਵੱਖ ਵੱਖ ਰਾਗਾਂ ਵਿੱਚ ਹੈ। ਰਾਗਾਂ ਦੇ ਸੰਪੂਰਨ ਗਿਆਨ ਤੋਂ ਬਿਨਾਂ ਇਹ ਰਚੀ ਨਹੀਂ ਸੀ ਜਾ ਸਕਦੀ। ਉਦਾਸੀਆਂ ਸਮੇਂ ਗੁਰੂ ਜੀ ਨਾਲ ਬਾਲਾ ਅਤੇ ਮਰਦਾਨਾ ਹੁੰਦੇ ਸਨ। ਬਾਲਾ ਜੀ ਮੁੱਖ ਤੌਰ 'ਤੇ ਸ਼ਰਧਾਲੂ ਅਤੇ ਸੇਵਕ ਸਨ। ਮਰਦਾਨਾ ਜੀ ਰਬਾਬ ਵਜਾਉਂਦੇ ਸਨ ਜਿਸ ਦੀ ਸੰਗਤ ਵਿੱਚ ਰਾਗਾਂ ਵਿੱਚ ਗਾਉਣਾ ਸੰਭਵ ਹੈ। ਗੁਰੂ ਸਾਹਿਬ ਗਾ ਕੇ ਬਾਣੀ ਉਚਾਰਦੇ ਹੋਣਗੇ। ਜਨਮ ਸਾਖੀਆਂ ਵਿੱਚ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਕਹਿੰਦੇ ਹੁੰਦੇ ਸਨ, 'ਮਰਦਾਨਿਆ, ਰਬਾਬ ਉਠਾ। ਬਾਣੀ ਆਈ ਹੈ।' ਇੱਕ ਸ਼ਲੋਕ ਵਿੱਚ ਗੁਰੂ ਸਾਹਿਬ ਨੇ ਕਿਹਾ ਹੈ, 'ਨਾਨਕ ਨਾਮ ਪਦਾਰਥ ਦੀਜੈ ਹਿਰਦੈ ਕੰਠ ਬਣਾਈ॥ ਭਾਵ 'ਨਾਨਕ ਨੂੰ ਆਪਣੇ ਨਾਮ ਦੀ ਦੌਲਤ ਪ੍ਰਦਾਨ ਕਰ, ਹੇ ਸੁਆਮੀ। ਉਸ ਨਾਲ ਉਹ ਆਪਣੇ ਦਿਲ ਅਤੇ ਗਲ਼ੇ ਨੂੰ ਸ਼ਿੰਗਾਰ ਲਵੇਗਾ।' ਗੁਰੂ ਸਾਹਿਬ ਨੂੰ ਰਾਗਾਂ ਵਿੱਚ ਬਾਣੀ ਉਚਾਰਦੇ ਹੋਏ ਕਲਪਨਾ ਕਰ ਕੇ ਰੂਹ ਸਰਸ਼ਾਰ ਹੋ ਜਾਂਦੀ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

{ YOUR AD HERE }
Check our Free E-paper at:
www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

# ਲੋਕ ਨਾਇਕ ਸਨ ਗੁਰੂ ਨਾਨਕ ਦੇਵ ਜੀ

-ਡਾ. ਮਹੀਪ ਸਿੰਘ



13ਵੀਂ ਸਦੀ ਤੋਂ 17ਵੀਂ ਸਦੀ ਤੱਕ ਸਾਰੇ ਦੇਸ਼ ਵਿੱਚ ਛਾਈ ਲਹਿਰ ਨੂੰ ਭਗਤੀ ਲਹਿਰ ਕਿਹਾ ਜਾਂਦਾ ਹੈ। ਸਾਰੇ ਦੇਸ਼ ਉਤੇ ਅਰਬਾਂ, ਤੁਰਕਾਂ, ਅਫਗਾਨਾਂ ਅਤੇ ਮੁਗਲਾਂ ਦਾ ਗਲਬਾ ਸੀ। ਮੱਧ ਏਸ਼ੀਆ ਤੋਂ ਆਉਣ ਵਾਲੇ ਜਰਵਾਣਿਆਂ ਦੇ ਹਮਲੇ ਲਗਾਤਾਰ ਹੋ ਰਹੇ ਸਨ, ਜਿਸ ਵਿੱਚ ਭਾਰਤ ਦੇ ਲੱਖਾਂ ਨਿਰਦੋਸ਼ ਮਾਰੇ ਜਾ ਰਹੇ ਸਨ। ਚਹੁੰ ਪਾਸੇ ਨਿਰਾਸ਼ਾ, ਮਾਯੂਸੀ, ਅਸੁਰੱਖਿਆ ਦਾ ਮਾਹੌਲ ਛਾਇਆ ਹੋਇਆ ਸੀ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਜਿਹੇ ਹਤਾਸ਼ਾ ਭਰੇ ਮਾਹੌਲ ਵਿੱਚ ਪ੍ਰਮਾਤਮਾ ਨੂੰ ਯਾਦ ਕਰਨਾ ਅਤੇ ਉਸ ਅੱਗੇ ਪੁਕਾਰ ਕਰਨ ਤੋਂ ਇਲਾਵਾ ਲੋਕਾਂ ਕੋਲ ਹੋਰ ਕੋਈ ਰਾਹ ਨਹੀਂ ਸੀ ਬਚਿਆ। ਅਜਿਹੀ ਮਾਨਸਿਕਤਾ ਵਿੱਚੋਂ ਭਗਤੀ ਲਹਿਰ ਨੇ ਜਨਮ ਲਿਆ।

15ਵੀਂ-16ਵੀਂ ਸਦੀ (1481-1553) ਵਿੱਚ ਵੈਸ਼ਣਵ ਸੰਪਰਦਾਇ ਦੇ ਸਵਾਮੀ ਵੱਲਭਾਚਾਰੀਆ ਨੇ ਆਪਣੇ ਗ੍ਰੰਥ 'ਸ੍ਰੀ ਕ੍ਰਿਸ਼ਨਾਸ਼ਰਣਯ' ਵਿੱਚ ਉਸ ਵੇਲੇ ਦੀ ਦਸ਼ਾ ਦਾ ਵਰਣਨ ਕਰਦੇ ਹੋਏ ਲਿਖਿਆ ਸੀ, 'ਮਲੇਛਾਂ ਵਲੋਂ ਸਾਰੇ ਦੇਸ਼ ਨੂੰ ਬੁਰੀ ਤਰ੍ਹਾਂ ਦੁਖੀ ਤੇ ਪੀੜਤ ਕੀਤਾ ਜਾ ਰਿਹਾ ਹੈ। ਤੀਰਥ ਭ੍ਰਿਸ਼ਟ ਹੋ ਗਏ ਹਨ, ਉਨ੍ਹਾਂ ਵਿੱਚ ਰਹਿਣ ਵਾਲੇ ਦੇਵਤਾ ਕਿਤੇ ਅੰਤਰ ਧਿਆਨ ਹੋ ਗਏ ਹਨ। ਵੇਦਾਂ ਦਾ ਗਿਆਨ ਲੋਪ ਹੋ ਰਿਹਾ ਹੈ। ਜਦੋਂ ਸਾਰੇ ਮਾਰਗ ਨਸ਼ਟ ਹੋ ਗਏ ਹਨ ਤਾਂ ਭਗਤੀ ਮਾਰਗ ਹੀ ਇੱਕੋ ਇੱਕ ਆਸਰਾ ਰਹਿ ਗਿਆ ਹੈ। ਇਸੇ ਦੀ ਸ਼ਰਣ ਵਿੱਚ ਸਾਡੀ ਗਤੀ ਹੈ।'

ਭਗਤੀ ਦੇ ਇਸ ਮਾਰਗ ਨੇ ਸਾਰੇ ਸਮਾਜ ਵਿੱਚ ਅਜਿਹੀ ਉਪਰਾਮਤਾ ਪੈਦਾ ਕਰਨੀ ਸ਼ੁਰੂ ਕੀਤੀ ਸੀ, ਜਿਸ ਨੇ ਲੋਕਾਂ ਨੂੰ ਪ੍ਰਭੂ ਭਗਤੀ ਵੱਲ ਤਾਂ ਰੁਚਿਤ ਕੀਤਾ, ਸੰਸਾਰੀ ਜੀਵਨ ਦੇ ਦੁੱਖਾਂ ਤੇ ਕਸ਼ਟਾਂ ਵਲੋਂ ਅਵੇਸਲਾ ਕਰ ਦਿੱਤਾ।

ਗੁਰੂ ਨਾਨਕ ਵੱਲਭਾਚਾਰੀਆ ਦੇ ਸਮਕਾਲੀ ਸਨ। ਉਨ੍ਹਾਂ ਨੇ ਵੀ ਲੋਕਾਂ ਨੂੰ ਪ੍ਰਭੂ ਭਗਤੀ ਵੱਲ ਮੋੜਿਆ, ਪਰ ਇਸ ਦੇ ਨਾਲ ਹੀ ਉਨ੍ਹਾਂ ਸਮੱਸਿਆਵਾਂ ਵੱਲ ਵੀ ਸੁਚੇਤ ਕੀਤਾ, ਜਿਨ੍ਹਾਂ ਨਾਲ ਉਨ੍ਹਾਂ ਦਾ ਨਿੱਤ ਵਾਸਤਾ ਪੈਂਦਾ ਸੀ। ਆਮ ਲੋਕਾਂ ਦੀਆਂ ਮਾਨਸਿਕਤਾ ਵਿੱਚ 'ਕੋਉ ਨ੍ਰਿਪ ਹੋਇ ਸਮੇ ਕਾ ਹਾਨੀ', ਕੋਈ ਵੀ ਰਾਜਾ ਹੋਵੇ, ਸਾਨੂੰ ਕੀ ਮਤਲਬ ਹੈ' ਵਾਲੀ ਗੱਲ ਬੈਠਦੀ ਜਾ ਰਹੀ ਸੀ। ਗੁਰੂ ਨਾਨਕ ਨੇ ਸਮਾਜ ਦੀ ਸੰਰਚਨਾ ਦਾ ਪੂਰਾ ਸਰੂਪ ਲੋਕਾਂ ਸਾਹਮਣੇ ਰੱਖਿਆ। ਰਾਜਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਨਿਆਂ ਕਰਨ ਵਾਲਾ ਕਾਜ਼ੀ ਕਿਹੋ ਜਿਹਾ ਹੋਣਾ ਚਾਹੀਦਾ ਹੈ, ਬ੍ਰਾਹਮਣ ਦਾ ਕੀ ਫਰਜ਼ ਹੈ, ਖੱਤਰੀ ਨੂੰ ਕੀ ਕਰਨਾ ਚਾਹੀਦਾ ਹੈ, ਸੱਚਾ ਮੁਸਲਮਾਨ ਕੌਣ ਹੈ, ਸਮਾਜ ਵਿੱਚ ਊਚ-ਨੀਚ ਕਿਉਂ ਹੈ, ਉਹ ਕਿਵੇਂ ਦੂਰ ਹੋ ਸਕਦੀ ਹੈ, ਮਨੁੱਖ ਦੀ ਅਣਖ ਤੇ ਪੱਤ ਕਿਵੇਂ ਕਾਇਮ ਰਹਿ ਸਕਦੀ ਹੈ? ਇਨ੍ਹਾਂ ਸਾਰੀਆਂ ਗੱਲਾਂ ਵੱਲ ਗੁਰੂ ਨਾਨਕ ਨੇ ਲੋਕਾਂ ਨੂੰ ਜਾਗਰੂਕ ਬਣਾਇਆ।

ਗੁਰੂ ਨਾਨਕ ਨੇ ਆਪਣੇ ਵੇਲੇ ਦੇ ਤਿੰਨ ਧਾਰਮਿਕ ਆਗੂਆਂ ਕਾਜ਼ੀ, ਬ੍ਰਾਹਮਣ ਤੇ ਜੋਗੀ ਦੀ ਜੀਵਨ ਸ਼ੈਲੀ ਦੀ ਆਲੋਚਨਾ ਕਰਦੇ ਹੋਏ ਕਿਹਾ ਸੀ ਕਿ ਕਾਜ਼ੀ ਝੂਠ ਬੋਲ ਕੇ ਗੰਦ ਖਾਂਦਾ ਹੈ। ਬ੍ਰਾਹਮਣ ਪਹਿਲਾਂ ਜੀਵਾਂ ਦੀ ਹੱਤਿਆ ਕਰਦਾ ਹੈ, ਫਿਰ ਇਸ਼ਨਾਨ ਕਰਨ ਜਾਂਦਾ ਹੈ। ਜੋਗੀ ਜੋਗ ਦੀ ਜੁਗਤ ਤੋਂ ਪੂਰੀ ਤਰ੍ਹਾਂ ਅਨਜਾਣ ਹੈ। ਇਹ ਤਿੰਨੇ ਉਜਾੜੇ ਦੇ ਸਾਥੀ ਹਨ, ਇਹ ਲੋਕਾਂ ਦੀ ਅਗਵਾਈ ਕਿਵੇਂ ਕਰਨਗੇ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕੇ ਬੰਧੁ॥

ਇਸ ਦੇ ਨਾਲ ਹੀ ਗੁਰੂ ਨਾਨਕ ਜੀ ਨੇ ਉਨ੍ਹਾਂ ਲਈ ਸਹੀ ਸੇਧ ਵੀ ਦੱਸੀ ਹੈ। ਕਾਜ਼ੀ ਉਹ ਹੈ, ਜੋ ਵੱਢੀ ਖੋਰੀ ਤੋਂ ਉਲਟ ਹੋ ਕੇ ਸੱਚੀ-ਸੁੱਚੀ ਰਾਹ 'ਤੇ ਤੁਰਦਾ ਹੈ। ਬ੍ਰਾਹਮਣ ਉਹ ਹੈ, ਜੋ ਊਚ-ਨੀਚ ਦਾ ਵਿਤਕਰੇ ਭਰਿਆ ਰਵੱਈਆ ਛੱਡ ਕੇ ਬ੍ਰਹਮ ਦਾ ਵਿਚਾਰ ਕਰਦਾ ਹੈ ਤੇ ਜੋਗੀ ਉਹ ਹੈ, ਜਿਹੜਾ ਸੇਵਾ ਦੀ ਜੁਗਤ ਨੂੰ ਚੰਗੀ ਤਰ੍ਹਾਂ ਪਛਾਣਦਾ ਅਤੇ ਸਭ ਨੂੰ ਇੱਕੋ ਜਿਹਾ ਸਮਝਦਾ ਹੈ:

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥
ਕਾਜੀ ਸੋ ਜੋ ਉਲਟੀ ਕਰੈ॥
ਗੁਰ ਪਰਸਾਦੀ ਜੀਵਤੁ ਮਰੈ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥

ਆਪਣੇ ਵੇਲੇ ਦੀ ਰਾਜਨੀਤੀ ਤੇ ਗੁਰੂ ਨਾਨਕ ਨੇ ਬੜੀਆਂ ਤਿੱਖੀਆਂ ਟਿੱਪਣੀਆਂ ਕੀਤੀਆਂ। ਉਨ੍ਹਾਂ ਵਿੱਚ 'ਕੋਉ ਨ੍ਰਿਪ ਹੋਇ ਸਮੇਂ ਦਾ ਹਾਨੀ' ਜਾਂ 'ਸੰਤਨ ਕੋ ਕਹਾ ਸੀਕਰੀ ਸੋ ਕਾਮ' ਵਾਲੀ ਉਪਰਾਮਤਾ ਭਰੀ ਮਾਨਸਿਕਤਾ ਨਹੀਂ ਸੀ। ਉਨ੍ਹਾਂ ਆਪਣੇ ਵੇਲੇ ਦੇ ਰਾਜਿਆਂ-ਹੁਕਮਰਾਨਾਂ ਦੇ ਅਨਿਆਂ ਤੇ ਜ਼ੁਲਮ ਨਾਲ ਭਰੇ ਵਤੀਰੇ ਦੀ ਖੁੱਲ੍ਹ ਕੇ ਆਲੋਚਨਾ ਕੀਤੀ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਇਸ ਬਾਰੇ ਉਨ੍ਹਾਂ ਨੇ ਆਪਣਾ ਡੂੰਘਾ ਸਰੋਕਾਰ ਵੀ ਪ੍ਰਗਟਾਇਆ:

ਹਉ ਭਾਲ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਜਿੱਥੇ ਉਨ੍ਹਾਂ ਨੇ ਇਹ ਕਿਹਾ ਕਿ ਅੱਜ ਦੇ ਰਾਜੇ ਸ਼ੀਹਾਂ ਵਾਂਗ ਹਿੰਸਕ ਹੋ ਗਏ ਹਨ, ਉਨ੍ਹਾਂ ਦੇ ਕਰਮਚਾਰੀ ਕੁੱਤਿਆਂ ਵਾਂਗ ਹਨ, ਜਿਹੜੇ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਪੀੜਤ ਕਰਦੇ ਰਹਿੰਦੇ ਹਨ, ਉਥੇ ਉਨ੍ਹਾਂ ਨੂੰ ਤਾੜਨਾ ਦਿੰਦੇ ਹੋਏ ਇਹ ਵੀ ਕਿਹਾ ਕਿ ਉਹ ਸਮਾਂ ਵੀ ਆਏਗਾ ਕਿ ਇਨ੍ਹਾਂ ਦੀ ਨੱਕ-ਵੱਢ ਕੇ ਇਨ੍ਹਾਂ ਨੂੰ ਪੂਰੀ ਸਜ਼ਾ ਦਿੱਤੀ ਜਾਏਗੀ।

ਗੁਰੂ ਨਾਨਕ ਦੀ ਇਹ ਸਰਬ-ਪੱਖੀ ਸੁਚੇਤਨਾ ਉਨ੍ਹਾਂ ਨੂੰ ਆਪਣੇ ਵੇਲੇ ਦੇ ਉਨ੍ਹਾਂ ਸੰਤਾਂ-ਭਗਤਾਂ ਤੋਂ ਇਕਦਮ ਵੱਖਰਾ ਕਰਦੀ ਹੈ, ਜਿਹੜੇ ਇਹ ਆਖਦੇ ਸਨ ਕਿ ਵਿਦੇਸ਼ੀ ਹਮਲਾਵਰਾਂ ਤੇ ਹੁਕਮਰਾਨਾਂ ਨੇ ਦੇਸ਼ ਦੀ ਅਜਿਹੀ ਹਾਲਤ ਕਰ ਦਿੱਤੀ ਹੈ, ਜਿਸ ਵਿੱਚ ਚਾਰੇ ਪਾਸਿਓਂ ਅੱਖਾਂ ਮੀਟ ਕੇ ਕੇਵਲ ਪ੍ਰਭੂ ਭਗਤੀ ਹੀ ਇੱਕ ਮਾਤਰ ਰਾਹ ਰਹਿ ਗਿਆ ਹੈ।

ਉਸ ਵੇਲੇ ਸਮਾਜ ਦੀ ਸਮੱਸਿਆ ਸਿਰਫ ਇਹ ਨਹੀਂ ਸੀ ਕਿ ਉਸ ਨੂੰ ਵਿਦੇਸ਼ੀ ਧਾੜਵੀਆਂ ਵਲੋਂ ਹੋ ਰਹੇ ਨਿੱਤ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਹ ਜਾਤ-ਪਾਤ ਤੇ ਊਚ-ਨੀਚ ਦੇ ਭਾਵ ਕਰ ਕੇ ਵੀ ਬੁਰੀ ਤਰ੍ਹਾਂ ਖਿੰਡਰਿਆ ਹੋਇਆ ਸੀ। ਉਸ ਨੂੰ ਤੋੜਨ ਵਾਲੀਆਂ ਅਸੰਖ ਗੱਲਾਂ ਸਨ, ਪਰ ਜੋੜਨ ਵਾਲੇ ਤੱਤਾਂ ਦੀ ਪੂਰੀ ਤਰ੍ਹਾਂ ਘਾਟ ਸੀ। ਸਾਰੀ ਭਗਤੀ ਲਹਿਰ ਵੀ ਦੋ ਹਿੱਸਿਆਂ ਵਿੱਚ ਵੰਡੀ ਹੋਈ ਸੀ। ਇਸ ਲਹਿਰ ਦੇ ਮੋਢੀ ਸਰਗੁਣ ਭਗਤੀ ਵਿੱਚ ਵਿਸ਼ਵਾਸ ਰੱਖਣ ਵਾਲੇ ਭਗਤ ਸਨ। ਇਹ ਸ਼ਾਸਤਰ ਮਾਰਗੀ ਧਾਰਾ ਸੀ ਅਤੇ ਸਾਰੀ ਸੇਧ ਪੁਰਾਣੇ ਸ਼ਾਸਤਰਾਂ ਤੋਂ ਲੈਂਦੀ ਸੀ। ਇਹ ਵਰਣ ਵਿਵਸਥਾ ਦੇ ਹਾਮੀ ਸਨ, ਅਵਤਾਰਵਾਦੀ ਸਨ, ਮੰਦਰਾਂ ਵਿੱਚ ਸਥਾਪਤ ਅਵਤਾਰਾਂ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ। ਬ੍ਰਾਹਮਣਾਂ-ਪੁਰੋਹਿਤਾਂ ਦੀਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਸਨ। ਬ੍ਰਾਹਮਣ ਇਨ੍ਹਾਂ ਲਈ 'ਭੂ ਦੇਵਤਾ' ਸੀ, ਸੂਦਰਾਂ ਅਤੇ ਇਸਤਰੀਆਂ ਲਈ ਭਗਤੀ ਦੇ ਦੁਆਰ ਪੂਰੀ ਤਰ੍ਹਾਂ ਬੰਦ ਸਨ।

ਦੂਜੀ ਲਹਿਰ ਨਿਰਗੁਣ ਧਾਰਾ ਦੇ ਸੰਤਾਂ ਦੀ ਸੀ। ਇਹ ਲੋਕ-ਮਾਰਗੀ ਧਾਰਾ ਸੀ, ਜੋ ਨਾ ਅਵਤਾਰਾਂ ਨੂੰ ਮੰਨਦੇ ਸਨ, ਨਾ ਮੂਰਤੀਆਂ ਦੀ ਪੂਜਾ ਕਰਦੇ ਸਨ। ਇਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ, ਨਿਰਾਕਾਰ ਸਰੂਪ ਨੂੰ ਸਵੀਕਾਰ ਕੀਤਾ ਸੀ। ਇਹ ਪ੍ਰਮਾਤਮਾ ਨੂੰ ਸਰਬ ਵਿਆਪੀ, ਘਟ-ਘਟ ਵਾਸੀ ਮੰਨਦੇ ਸਨ। ਸ਼ਾਸਤਰ ਵਚਨਾਂ ਦੀ ਥਾਂ ਆਪਣੇ ਅਨੁਭਵ ਨੂੰ ਤਰਜੀਹ ਦਿੰਦੇ ਸਨ। ਇਹ ਵਰਣ ਵਿਵਸਥਾ ਨੂੰ ਨਹੀਂ ਮੰਨਦੇ ਸਨ, ਪ੍ਰਭੂ ਭਗਤੀ ਦਾ ਹੱਕ ਇਹ ਸ਼ੂਦਰਾਂ ਨੂੰ ਵੀ ਦਿੰਦੇ ਸਨ ਤੇ ਇਸਤਰੀਆਂ ਨੂੰ ਵੀ। ਜਾਤ-ਪਾਤ, ਊਚ-ਨੀਚ ਦੇ ਭਾਵ ਦੀ ਪੂਰੀ ਤਰ੍ਹਾਂ ਨਿਖੇਧੀ ਕਰਦੇ ਅਤੇ ਸਾਰੀ ਮਨੁੱਖਤਾ ਦੀ ਬਰਾਬਰੀ ਵਿੱਚ ਭਰੋਸਾ ਰਖਦੇ ਸਨ। ਇਨ੍ਹਾਂ ਲਈ ਨਾ ਤੀਰਥਾਂ ਦੀ ਮਹੱਤਤਾ ਸੀ, ਨਾ ਮੰਦਰਾਂ-ਦਰਗਾਹਾਂ ਦੀ।

ਇੱਕ ਗੱਲ ਹੋਰ ਸੀ। ਸਰਗੁਣ ਭਗਤ ਵਧੇਰੇ ਕਰ ਕੇ ਉੱਚੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਵਿੱਚੋਂ ਸਨ, ਪਰ ਨਿਰਗੁਣੀਏ ਸੰਤ ਵਧੇਰੇ ਕਰ ਕੇ ਉਨ੍ਹਾਂ ਜਾਤਾਂ ਵਿੱਚੋਂ ਸਨ, ਜਿਨ੍ਹਾਂ ਨੂੰ ਨੀਵੀਂ ਜਾਤੀ ਦਾ ਸਮਝਿਆ ਜਾਂਦਾ ਸੀ। ਨਾਮਦੇਵ ਛੀਂਬਾ ਸੀ, ਧੰਨਾ ਜੱਟ ਸੀ, ਸੈਣ ਨਾਈ ਸੀ, ਕਬੀਰ ਜੁਲਾਹਾ ਸੀ, ਰਵੀਦਾਸ ਚਮਾਰ ਸੀ। ਅਜਿਹੇ ਸੰਤਾਂ ਨੇ ਵੇਦ-ਸ਼ਾਸਤਰ ਨਹੀਂ ਪੜ੍ਹੇ ਸਨ, ਇਨ੍ਹਾਂ ਦੀ ਸਾਰੀ ਕਮਾਈ ਆਪਣਾ ਅਨੁਭਵ, ਆਪਣੀ ਘਾਲਣਾ, ਆਪਣੀ ਭਗਤੀ ਸੀ।

ਸੰਤ ਕਬੀਰ ਨੇ ਸ਼ਾਸਤਰ ਮਾਰਗੀਆਂ ਨੂੰ ਸੁਣਾਉਂਦੇ ਹੋਏ ਕਿਹਾ ਸੀ:

ਤੂੰ ਕਹਤਾ ਕਾਗਦ ਕੀ ਲੇਖੀ, ਮੈਂ ਕਹਤਾ ਆਖਨ ਕੀ ਦੇਖੀ।

ਗੁਰੂ ਨਾਨਕ ਲੋਕ ਮਾਰਗੀ ਧਾਰਾ ਦੇ ਮਹਾਨ ਸੰਤ ਸਨ। ਭਾਵੇਂ ਉਨ੍ਹਾਂ ਦਾ ਜਨਮ ਉਸ ਕੁਲ ਵਿੱਚ ਹੋਇਆ ਸੀ, ਜਿਸ ਨੂੰ ਵੱਡਾ ਸਮਝਿਆ ਜਾਂਦਾ ਸੀ, ਪਰ ਉਨ੍ਹਾਂ ਆਪਣੇ ਆਪ ਨੂੰ ਉਸ ਵਰਗ ਨਾਲ ਜੋੜਿਆ, ਜਿਸ ਨੂੰ ਨੀਵਾਂ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਇਸੇ ਲਈ ਉਨ੍ਹਾਂ ਭਾਈ ਲਾਲੋ ਦੀ ਪ੍ਰਾਹੁਣਾਚਾਰੀ ਸਵੀਕਾਰ ਕੀਤੀ, ਉਸ ਦੀ ਸੁੱਕੀ ਰੋਟੀ ਵਿੱਚ ਉਨ੍ਹਾਂ ਨੂੰ ਦੁੱਧ ਵਰਗਾ ਸਵਾਦ ਆਇਆ ਅਤੇ ਮਲਿਕ ਭਾਗੋ ਦੇ ਪਕਵਾਨਾਂ ਵਿੱਚੋਂ ਉਨ੍ਹਾਂ ਨੂੰ ਮਜ਼ਲੂਮਾਂ ਦਾ ਲਹੂ ਰਿਸਦਾ ਨਜ਼ਰ ਆਇਆ।

ਗੁਰੂ ਨਾਨਕ ਸਹੀ ਅਰਥਾਂ ਵਿੱਚ ਲੋਕ-ਨਾਇਕ ਸਨ। ਲੋਕ-ਨਾਇਕ ਆਮ ਲੋਕਾਂ ਵਿੱਚ ਜੀਊਂਦਾ ਹੈ, ਆਮ ਲੋਕਾਂ ਵਿੱਚ ਵਿਚਰਦਾ ਹੈ। ਆਮ ਲੋਕਾਂ ਦੇ ਦੁੱਖ-ਦਰਦ ਦਾ ਭਾਈਵਾਲ ਬਣਦਾ ਹੈ। ਉਸ ਦੀ ਰਚਨਾ ਵਿੱਚ ਆਏ ਰੂਪਕ ਤੇ ਪ੍ਰਤੀਕ ਵੀ ਆਮ ਲੋਕਾਂ ਦੇ ਨਿੱਤ ਦੇ ਕਾਰ-ਵਿਹਾਰ ਵਿੱਚੋਂ ਉਭਰਦੇ ਹਨ। ਗੁਰੂ ਨਾਨਕ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਦੇਸ਼-ਵਿਦੇਸ਼ ਦੀ ਯਾਤਰਾ ਕਰਦੇ ਹੋਏ ਲੰਘਾਇਆ। ਇਨ੍ਹਾਂ ਯਾਤਰਾਵਾਂ ਵਿੱਚ ਉਹ ਹਰ ਤਬਕੇ ਦੇ, ਹਰ ਕਿਸਮ ਦੇ ਲੋਕਾਂ ਨੂੰ ਮਿਲੇ ਤੇ ਉਨ੍ਹਾਂ ਨਾਲ ਸੰਵਾਦ ਕੀਤਾ। ਇਨ੍ਹਾਂ ਵਿੱਚ ਕਾਸ਼ੀ ਦੇ ਪੰਡਤ ਵੀ ਸਨ, ਵੱਖ-ਵੱਖ ਧਰਮਾਂ ਤੇ ਪੰਥਾਂ ਦੇ ਆਗੂ ਵੀ ਸਨ, ਇਥੋਂ ਤੱਕ ਕਿ ਕੌਡਾ ਰਾਕਸ਼ ਵਰਗ ਮਾਨਸ ਖਾਣੇ ਆਦਿ-ਵਾਸੀ ਵੀ ਸਨ।

ਲੋਕ-ਨਾਇਕ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਆਪਣਾ ਪੂਰਾ ਸਰੋਕਾਰ ਆਮ ਲੋਕਾਂ ਨਾਲ ਰੱਖਦਾ ਹੈ। ਜਿਨ੍ਹਾਂ ਨਾਲ ਵਿਤਕਰਾ ਹੁੰਦਾ ਹੈ, ਜਿਨ੍ਹਾਂ 'ਤੇ ਜ਼ੁਲਮ ਹੁੰਦਾ ਹੈ, ਜਿਨ੍ਹਾਂ ਨੂੰ ਦੁਰਕਾਰਿਆ ਜਾਂਦਾ ਹੈ, ਉਨ੍ਹਾਂ ਦੇ ਪੱਖ ਵਿੱਚ ਆਵਾਜ਼ ਉਠਾਉਂਦਾ ਹੈ। ਬਾਬਰ ਦੇ ਸਿਪਾਹੀਆਂ ਨੇ ਜਦੋਂ ਨਿਰਦੋਸ਼ ਲੋਕਾਂ 'ਤੇ ਜ਼ੁਲਮ ਕੀਤੇ ਤਾਂ ਉਨ੍ਹਾਂ ਰੱਬ ਨੂੰ ਵੀ ਮਿਹਣਾ ਦੇ ਦਿੱਤਾ ਕਿ ਤੂੰ ਖੁਰਾਸਾਨ ਨੂੰ ਬਚਾ ਲਿਆ, ਪਰ ਜਦੋਂ ਉਸ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਤੂੰ ਇਥੇ ਦੇ ਲੋਕਾਂ ਵਿੱਚ ਸਹਿਮ ਪੈਦਾ ਕਰ ਕੇ ਉਨ੍ਹਾਂ ਨੂੰ ਜਾਬਰਾਂ ਅੱਗੇ ਇਕੱਲਾ ਛੱਡ ਦਿੱਤਾ ਹੈ। ਦੁੱਖਾਂ ਦੇ ਮਾਰੇ ਉਹ ਕੁਰਲਾਉਂਦੇ ਰਹੇ, ਪਰ ਤੈਨੂੰ ਤੇ ਕੋਈ ਤਰਸ ਨਹੀਂ ਆਉਂਦਾ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।"

ਇਸ ਲਈ ਗੁਰੂ ਨਾਨਕ ਨੇ ਕਿਹਾ, 'ਜੇ ਤੁਸੀਂ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਆਮ ਲੋਕਾਂ ਨਾਲ ਜੋੜੋ, ਉਨ੍ਹਾਂ ਦੀ ਸੇਵਾ ਕਰੋ :

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥

## ਜਿੰਦਰਿਆਂ ਦਾ ਜਾਦੂ

-ਰਸ਼ਪਿੰਦਰ ਪਾਲ ਕੌਰ

ਵਿਗਿਆਨ ਅਤੇ ਤਕਨਾਲੋਜੀ ਦੇ ਇਸ ਯੁੱਗ ਵਿੱਚ ਲੋਕਾਂ ਦੀ ਬਿਮਾਰ ਮਾਨਸਿਕਤਾ ਮਨ ਬੇਚੈਨ ਕਰਦੀ ਹੈ। ਭਰਮ ਭੁਲੇਖਿਆਂ ਵਿੱਚ ਫਸੇ 'ਪੜ੍ਹੇ ਲਿਖੇ' ਲੋਕਾਂ ਨੂੰ ਅਗਿਆਨਤਾ ਦੀ ਘੁੰਮਣਘੇਰੀ ਵਿੱਚ ਵੇਖ ਬਚਪਨ ਵਿੱਚ ਮਿਲੀ ਦਾਦੀ ਮਾਂ ਦੀ ਸਿੱਖਿਆ ਮਨ ਮਸਤਕ ਦੇ ਦੁਆਰ ਖੋਲ੍ਹਣ ਲੱਗਦੀ ਹੈ। ਉਨ੍ਹਾਂ ਦੀ ਗੋਦ ਦੇ ਨਿੱਘ ਤੇ ਲਾਡ ਦੀ ਛਾਂ ਅਨੂਠੀ ਸੀ, ਜਿਸ ਵਿੱਚ ਤਰਕ, ਨਿਮਰਤਾ ਅਤੇ ਸੁਹਜ ਭਰਿਆ ਹੋਇਆ ਸੀ। ਦਾਦੀ ਮਾਂ ਅੱਖਰ ਗਿਆਨ ਤੋਂ ਬਿਲਕੁਲ ਕੋਰੀ ਸੀ, ਉਂਜ ਸਮੇਂ ਦੇ ਵਹਿਣ ਨੇ ਉਨ੍ਹਾਂ ਨੂੰ ਜੀਵਨ ਜਾਚ ਦੀ ਇਬਾਰਤ ਪੜ੍ਹਾਈ ਹੋਈ ਸੀ। ਸੋਚ ਸਮਝ ਕੇ ਫੈਸਲੇ ਕਰਨਾ ਉਨ੍ਹਾਂ ਦੇ ਜਿਉਣ ਦਾ ਅੰਗ ਬਣਿਆ। ਬੈਠਦੇ ਉਠਦੇ ਉਹ ਇਹੋ ਆਖਦੇ; 'ਸਭ ਦਾ ਭਲਾ, ਆਪਣਾ ਭਲਾ'। ਆਖਰੀ ਉਮਰੇ ਉਨ੍ਹਾਂ ਸੁੱਖ ਦੀਆਂ ਦਾਤਾਂ ਮਾਣੀਆਂ। ਵਸਦੇ ਰਸਦੇ ਪਰਵਾਰ ਦੇ ਮੁਖੀ ਹੋਣ ਦਾ ਸੁਖਦ ਅਹਿਸਾਸ ਜੇਤੂ ਵਾਂਗ ਮਾਣਿਆ। ਆਏ ਗਿਆਂ ਨਾਲ ਮੇਲ ਜੋਲ ਤੇ ਬਾਲਾਂ ਦਾ ਖਿਆਲ ਰੱਖਦੇ। ਸਵੇਰ ਸ਼ਾਮ ਘਰ ਦੇ ਦਰਵਾਜ਼ੇ ਵਿੱਚ ਬੈਠਦੇ। ਆਉਂਦੇ ਜਾਂਦੇ ਦੀ ਸੁੱਖ ਪੁੱਛਦੇ। ਛੁੱਟੀ ਵਾਲੇ ਦਿਨ ਅਸੀਂ ਉਨ੍ਹਾਂ ਕੋਲ ਬੈਠ ਕੇ ਸਕੂਲ ਦਾ ਕੰਮ ਕਰਦੇ।

ਦਾਦੀ ਮਾਂ ਅਕਸਰ ਆਖਦੇ, 'ਧੀਏ, ਬਜ਼ੁਰਗ ਤਾਂ ਘਰਾਂ ਦੇ ਜਿੰਦਰੇ ਹੁੰਦੇ ਨੇ। ਦੇਖ ਰੇਖ ਅਤੇ ਸਾਂਭ ਸੰਭਾਲ ਕਰਨ ਵਾਲੇ। ਨਾ ਚੋਰ ਦਾ ਡਰ, ਨਾ ਸਾਧ ਦਾ। ਬੂਹੇ ਵਿੱਚ ਬਜ਼ੁਰਗ ਬੈਠਾ ਹੋਵੇ ਤਾਂ ਅਗਲਾ ਅੰਦਰ ਆਉਣ ਲੱਗਿਆਂ ਸੌ ਵਾਰ ਸੋਚਦਾ। ਗਲਤ ਬੰਦਾ ਤਾਂ ਬਜ਼ੁਰਗਾਂ ਦੇ ਹੁੰਦਿਆਂ ਕਬੀਲਦਾਰਾਂ ਦੇ ਘਰਾਂ ਵੱਲ ਮੂੰਹ ਨਹੀਂ ਕਰਦਾ।'

ਜਿੰਦਰਿਆਂ ਬਾਰੇ ਉਨ੍ਹਾਂ ਦੀ ਆਪਣੀ ਹੱਡ ਬੀਤੀ ਬੜੀ ਦਿਲਚਸਪ ਅਤੇ ਪ੍ਰੇਰਨਾ ਵਾਲੀ ਸੀ। ਉਹ ਦੱਸਦੇ, 'ਉਦੋਂ ਆਪਣਾ ਘਰ ਪਿੰਡ ਦੇ ਵਿਚਕਾਰ ਚੁਰਸਤੇ 'ਤੇ ਹੁੰਦਾ ਸੀ। ਸਾਰਾ ਦਿਨ ਪਿੰਡ ਵਾਲੇ ਮੂੰਹ ਮੱਥੇ ਲੱਗਦੇ ਰਹਿੰਦੇ। ਉਸ ਅੰਦਰਲੇ ਘਰ ਇਕ ਮੁਸ਼ਕਲ ਵੀ ਸੀ। ਹਰ ਵੀਰਵਾਰ ਚੁਰਸਤੇ ਵਿੱਚ ਕੋਈ ਨਾ ਕੋਈ ਟੂਣਾ ਕਰ ਜਾਂਦਾ। ਲੋਕ ਟੂਣੇ ਤੋਂ ਡਰਦੇ ਬਚ-ਬਚ ਕੇ ਲੰਘਦੇ। ਤੁਹਾਡੇ ਦਾਦਾ ਜੀ ਮੁਜ਼ਾਰਾ ਲਹਿਰ ਵਿੱਚ ਆਉਂਦੇ ਜਾਂਦੇ ਹੋਣ ਕਰਕੇ ਭਰਮਾਂ ਤੇ ਟੂਣੇ ਟਾਮਣਾਂ ਦੀ ਹਕੀਕਤ ਜਾਣਦੇ ਸਨ। ਉਹ ਹਰ ਵੀਰਵਾਰ ਟੂਣਾ ਚੁੱਕਦੇ ਤੇ ਬਾਹਰ ਨਹਿਰ ਵਿੱਚ ਸੁੱਟ ਆਉਂਦੇ। ਇਕ ਦਿਨ ਸਵੇਰ ਸਾਰ ਕੀਤੇ ਟੂਣੇ ਵਿੱਚ ਤੇਲ, ਲਲੇਰ, ਖੱਮਣੀ ਨਾਲ ਦੋ ਜਿੰਦਰੇ ਪਏ ਸਨ। ਤੇਰੇ ਦਾਦਾ ਜੀ ਬਾਕੀ ਸਮਾਨ ਤਾਂ ਨਹਿਰ ਵਿੱਚ ਸੁੱਟ ਆਏ, ਪਰ ਦੋਵੇਂ ਜਿੰਦਰੇ ਘਰ ਲੈ ਆਏ। 'ਲੋੜ ਪੈਣ 'ਤੇ ਇਹ ਜਿੰਦਰੇ ਆਪਣੇ ਘਰ ਦੇ ਕੰਮ ਆਉਣਗੇ' ਕਹਿੰਦਿਆਂ ਉਨ੍ਹਾਂ ਮੈਨੂੰ ਸਾਰੀ ਗੱਲ ਸੁਣਾਈ ਅਤੇ ਨਾਲ ਕਿਹਾ ਐਵੇਂ ਡਰਨ ਘਬਰਾਉਣ ਦੀ ਲੋੜ ਨਹੀਂ, ਇਹ ਟੂਣੇ ਟਾਮਣ ਕਮਜ਼ੋਰ ਤੇ ਲਾਈਲੱਗ ਲੋਕਾਂ ਦੀ ਖੇਡ ਹੈ। ਇਨ੍ਹਾਂ ਨਾਲ ਕੋਈ ਲਾਭ ਜਾਂ ਨੁਕਸਾਨ ਨਹੀਂ ਹੁੰਦਾ। ਟੂਣੇ ਵਿੱਚ ਜਿੰਦਰੇ ਰੱਖਣ ਦੇ ਭਰਮ ਬਾਰੇ ਉਨ੍ਹਾਂ ਦੱਸਿਆ ਕਿ ਅਜਿਹੇ ਕਿਸੇ ਕੈਦੀ ਨੂੰ ਜੇਲ੍ਹ ਵਿੱਚੋਂ ਰਿਹਾਅ ਕਰਵਾਉਣ ਜਾਂ ਕਿਸੇ ਕਾਰਨ ਵਿਆਹ ਤੋਂ ਖੁੰਝੇ ਬੰਦੇ ਨੂੰ ਕਬੀਲਦਾਰੀ ਦੇ ਬੰਧਨ ਵਿੱਚ ਬੰਨ੍ਹਣ ਲਈ ਕੀਤਾ ਜਾਂਦਾ। ਅਜਿਹੇ ਭਰਮਾਂ ਵਿੱਚ ਸੱਚਾਈ ਕੋਈ ਨਹੀਂ ਹੁੰਦੀ।'

ਦਾਦੀ ਮਾਂ ਆਪਣੀ ਹੱਡਬੀਤੀ ਅੱਗੇ ਤੋਰਦਿਆਂ ਦੱਸਦੇ, 'ਧੀਏ, ਕੁਝ ਦਿਨਾਂ ਮਗਰੋਂ ਉਹ ਟੂਣੇ ਵਾਲੇ ਦੋਵੇਂ ਜਿੰਦਰੇ ਮੈਂ ਆਪਣੀ ਪੇਟੀ ਤੇ ਸੰਦੂਕ ਨੂੰ ਲਾ ਲਏ। ਅੱਜ ਤੱਕ ਲੱਗੇ ਨੇ, ਜਿੰਦਰਿਆਂ ਦੇ 'ਜਾਦੂ' ਸਦਕਾ ਮੇਰਾ ਸਮਾਨ ਸੰਭਿਆ ਰਿਹਾ। ਇਹੋ ਜਿੰਦਰੇ ਦਾ ਕਰਮ ਹੁੰਦਾ ਏ। ਟੂਣੇ ਵਿੱਚੋਂ ਚੁੱਕ ਕੇ ਵਰਤੇ ਜਿੰਦਰਿਆਂ ਨੇ ਮੈਨੂੰ ਕਦੇ ਕੁਸ਼ ਨੀ ਕਿਹਾ। ਮੈਨੂੰ ਅੱਜ ਤੱਕ ਕਦੇ ਮਾੜਾ ਸੁਫਨਾ ਵੀ ਨਹੀਂ ਆਇਆ।' ਉਹ ਆਪਣੀ ਸਿਆਣਪ ਸਦਕਾ ਹੱਡਬੀਤੀ ਨੂੰ ਸਮਾਜ ਨਾਲ ਜੋੜ ਕੇ ਸੁਣਾਉਂਦੀ। ਉਸ ਦਾ ਤਰਕ ਸਾਡੇ ਮਨ ਨੂੰ ਭਾਅ ਜਾਂਦਾ। ਉਹ ਆਖਦੀ, 'ਸਾਡੇ ਵੱਡ ਵਡੇਰਿਆਂ ਨੇ ਜਿੰਦਰਿਆਂ ਵਾਲਾ ਕੰਮ ਤਾਂ ਕੀਤਾ ਏ, ਘਰਾਂ ਦਾ ਇਤਫਾਕ ਬਣਾ ਕੇ, ਆਪਣੀ ਔਲਾਦ ਨੂੰ ਸਾਂਝੇ ਘਰਾਂ ਵਿੱਚ ਰਹਿਣਾ ਸਿਖਾ ਕੇ, ਜਿਉਣਾ ਸੁਖੀ ਬਣਾਇਆ। ਇਸੇ ਸਦਕਾ ਗਲੀ ਗੁਆਂਢ ਰੰਗੀਂ ਵਸਦਾ ਹੈ। ਹਰ ਪਾਸਿਓਂ ਸਹਿਯੋਗ, ਮਿਲਵਰਤਨ ਜਿਹੀ ਮਨ ਨੂੰ ਸਕੂਨ ਦੇਣ ਵਾਲੀ ਸੁਖਾਵੀਂ ਸਾਂਝ ਵੇਖਣ ਨੂੰ ਮਿਲਦੀ ਹੈ। ਜਾਦੂ ਜਿਹੀ ਹੱਥ ਦੀ ਕਲਾ ਵਰਗਾ ਜ਼ਿੰਦਗੀ ਦਾ ਇਹ ਮਾਣ ਸਾਡੇ ਹਿੱਸੇ ਆਇਆ ਹੈ।'

ਦਾਦੀ ਮਾਂ ਦੀ ਮਿੱਠੀ ਯਾਦ ਨੂੰ ਮਨ ਵਿੱਚ ਸਾਂਭ ਕੇ ਅੱਜ ਦੇ ਸਮੇਂ ਦਾ ਮੁਹਾਣ ਨਿਰਾਸ਼ ਕਰਦਾ ਹੈ। ਉਮਰਾਂ ਲਾ ਕੇ ਪਰਵਾਰਾਂ ਦਾ ਮੁੱਢ ਬੰਨ੍ਹਣ ਵਾਲਿਆਂ ਦੀਆਂ ਭਾਵਨਾਵਾਂ ਦੀ ਬੇਕਦਰੀ ਸਮਾਜਿਕ ਨਿਘਾਰ ਦਾ ਪ੍ਰਤੀਕ ਹੈ। ਬਿਰਧ ਆਸ਼ਰਮਾਂ ਵਿੱਚ ਰੁਲਦਾ ਬੁਢਾਪਾ, ਧੀਆਂ ਪੁੱਤਰਾਂ ਵੱਲੋਂ ਜ਼ਮੀਨ ਜਾਇਦਾਦ ਲਈ ਕੀਤੇ ਜਾਂਦੇ ਮਾਪਿਆਂ ਦੇ ਕਤਲ ਮਨ ਉਚਾਟ ਕਰਦੇ ਹਨ। ਘਰਾਂ ਵਿੱਚ ਬਜ਼ੁਰਗਾਂ ਦੀ ਘਟ ਰਹੀ ਪੁੱਛ ਪ੍ਰਤੀਤ ਔਲਾਦ ਦੀ ਨਾ-ਅਹਿਲੀਅਤ ਦਾ ਨਮੂਨਾ ਹੈ। ਬਜ਼ੁਰਗ ਰੂਪੀ ਜਿੰਦਰਿਆਂ ਦੇ ਜਾਦੂ ਦੀ ਅਣਦੇਖੀ ਮੋਹ, ਮੁਹੱਬਤ, ਸਾਂਝ ਜਿਹੀਆਂ ਦਾਤਾਂ ਦਾ ਅਪਮਾਨ ਹੈ। ਇਹ ਕੁਹਜ ਜ਼ਿੰਦਗੀ ਨੂੰ ਕਦ ਤੱਕ ਦਾਗਦਾਰ ਕਰਦੇ ਰਹੇਗਾ?


General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Action Kitchen & Bath Inc
MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ



SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design



We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tel: 905-799-7333

**SPECIAL**
Forklift Re-Certification Only $69

Open 7 Days
27-B Edvac Drive, Brampton, ON L6S 5X8



Karnail Singh

# ਓਨਟਾਰੀਓ ਖਾਲਸਾ ਦਰਬਾਰ

ਵੱਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ।

**ਕੀਰਤਨ ਕਲਾਸਾਂ**
ਤਾਂਤੀ ਸਾਜਾਂ ਨਾਲ ਕੀਰਤਨ ਸਿਖਾਉਣ ਲਈ ਨਵੇਂ ਅਧਿਆਪਕ ਰੱਖੇ ਗਏ ਹਨ।
ਸੋਮਵਾਰ ਤੋਂ ਵੀਰਵਾਰ
6:00 ਤੋਂ 8:00 ਵਜੇ ਸ਼ਾਮ
ਸ਼ਨਿਚਰਵਾਰ ਅਤੇ ਐਤਵਾਰ
2:00 ਤੋਂ 4:00 ਵਜੇ

**ਓਨਟਾਰੀਓ ਖਾਲਸਾ ਸਕੂਲ**
ਗੁਰਮਤਿ ਟ੍ਰੇਨਿੰਗ ਕੈਂਪ
9 July
to
20 July
905-670-0841

**ਅਖੰਡ ਪਾਠ ਸਾਹਿਬ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : 21 ਨਵੰਬਰ 2018 ਬੁੱਧਵਾਰ ਸਮਾਂ: 9:00
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : 23 ਨਵੰਬਰ 2018 ਸ਼ੁੱਕਰਵਾਰ ਸਮਾਂ: ਸਵੇਰੇ 10:30

**ਨਿਸ਼ਾਨ ਸਾਹਿਬ ਦੀ ਸੇਵਾ**
22 ਨਵੰਬਰ 2018 ਵੀਰਵਾਰ ਸਮਾਂ: 12pm

**ਅੰਮ੍ਰਿਤ ਸੰਚਾਰ**
25 ਨਵੰਬਰ
11am,Hall5

**ਕਾਰ–ਸੇਵਾ**
1) ਨਵੀਂ ਰਸੋਈ ਘਰ ਦੀ ਸੇਵਾ ਚੱਲ ਰਹੀ ਹੈ
2) ਈਸਟ ਹਾਲ ਨੂੰ ਵੱਡਾ ਕਰਨ ਦੀ ਸੇਵਾ ਚਲ ਰਹੀ ਹੈ।
3) ਸੱਚ ਖੰਡ ਸਾਹਿਬ ਦੀ ਕਾਰ ਸੇਵਾ ਜਲਦ ਸ਼ੁਰੂ ਹੋ ਰਹੀ ਹੈ।

Live Broadcast of Sri Akhand Path
ਪੰਜਾਬ TV
SANJHA PUNJAB
PTC PUNJABI

ਪੰਥ ਦੇ ਮਹਾਨ ਕੀਰਤਨੀ ਜੱਥੇ, ਵਰਿੰਦਰ ਸਿੰਘ ਵਾਰਸ ਜੀ ਦਾ ਢਾਡੀ ਜੱਥਾ ਅਤੇ ਗੁਲਜਾਰ ਸਿੰਘ ਜੀ ਕਥਾ ਵਾਚਕ ਸੰਗਤ ਨੂੰ ਗੁਰ–ਇਤਿਹਾਸ ਨਾਲ ਜੋੜਨਗੇ
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਵਿਖੇ 905-670-3311 ਤੇ ਸੰਪਰਕ ਕਰ ਸਕਦੇ ਹੋ। ਵੱਲੋਂ ਸਮੂਹ ਸੇਵਾਦਾਰ ਕਮੇਟੀ ਅਤੇ ਸੰਗਤ



# NEED A LAWYER ??

Red Seal NOTARY

# KAUR LAW OFFICE

**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਮੂੰਹੋ ਬੋਲਦੀ ਦੀ Kitchen and Washroom ਬਣਵਾਓ

# Pearson
## Kitchen & Cabinet

Free Estimate
We Specialize in granite, quartz & marble countertops

**We Specialize In:**
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# SimConnect
FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

*Owner Operator up to 1.65 Per miles*

Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Ranked In Broker
Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **(RE/MAX International) **(2010) **(2014)

Urgently Need New Listing in Brampton/GTA Call Jag Today To Sell Your Property For Top $$$ & Accurate Price

FOR SALE — BRAMPTON $689,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਂਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $934,905
ਏਅਰਪੋਰਟ/ਬ੍ਰਏਡਨ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੌਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ

FOR SALE — BRAMPTON $787,905
ਏਅਰਪੋ੍ਰਟ ਰੋਡ/ ਕੈਸਲਮੋਰ
ਬਹੁਤ ਸੋਹਣਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਡਿਟੈਚਡ ਘਰ, 25 ਪੋਟ ਲਾਇਟਸ, ਓਪਨ ਕਾਂਸੈਪਟ, ਹਾਰਡਵੁਡ ਫਲੌਰ, ਅਪਗ੍ਰੇਡਡ ਕਿਚਨ, 4 ਕਾਰਾਂ ਦੀ ਪਾਕਿੰ੍ਗ, ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

FOR LEASE — BRAMPTON $879,905
ਕੈਸਲਮੋਰ/ਹਾਇਵੇ 50
ਬਹੁਤ ਸੋਹਣਾ ਅਤੇ ਸਾਫ ਸੁਥਰਾ 1 ਬੈਡਰੂਮ ਐਂਡ 1 ਵਾਸ਼ਰੂਮ ਦਾ ਸੈਮੀ ਡਿਟੈਚ ਘਰ, 1 ਬੈਡਰੂਮ ਫੀਨਿਸ਼ਡ ਬੈਸਮੈਂਟ, ਸਿਰੇਮਿਕ ਫਲੋਰ, ਮਿਨੀਮਮ ਇੱਕ ਸਾਲ ਦੀ ਲਿਜ਼, 1st and last Month ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਂਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $1,674,000
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਘਰ+3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

FOR SALE — BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।



IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Also Hiring Owner Operators for local work
Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)



Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



LIGHT SPEED Logistics Inc.
"Always There For You"
Web: www.lslinc.com
Email: safedrivers@lslinc.com

NOW HIRING

Owner Operators:
- US Team (ON to Midwest) (Loaded/Empty) $1.80*
- US Team (Open Board) $1.73*
- US Single (ON to Midwest) $1.70*
- US Single (Open Board) $1.63*
- Canadian Team $1.66*
- Canadian Singles (AB to BC) $1.91*
- Canadian Singles (Open Board) $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers (Up to):
- US Single (ON to Midwest) $0.62
- US Single (Open Board) $0.54
- US Team $0.66
- Canadian Team $0.62
- Canadian Singles (AB to BC) $0.59
- Canadian Singles (Open Board) $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8

# ਗੁਰਦੁਆਰਾ ਸਿੱਖ ਸਪਿਰਚੂਅਲ ਸੈਂਟਰ ਟੋਰਾਂਟੋ, ਰੈਕਸਡੇਲ

## ਗੁਰੂ ਨਾਨਕ ਦੇਵ ਜੀ
## ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

ਮਨੁੱਖਤਾ ਦੇ ਰਹਿਬਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਵਿਖੇ ਬੜੇ ਪ੍ਰੇਮ, ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ

Firework
23 ਨਵੰਬਰ
ਸ਼ਾਮ: 8:45

ਪ੍ਰੋਗਰਾਮ:
ਅਰੰਭ ਸ੍ਰੀ ਅਖੰਡ ਪਾਠ: 21 ਨਵੰਬਰ, ਦਿਨ ਬੁੱਧਵਾਰ ਸਵੇਰੇ: 9 ਵਜੇ
ਭੋਗ ਸ੍ਰੀ ਅਖੰਡ ਪਾਠ: 23 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10 ਵਜੇ

ਨਾਮ ਸਿਮਰਨ:
7 ਤੋਂ 8 ਹਰ
ਸ਼ੁਕਰਵਾਰ

ਉਪਰੰਤ ਸਾਰਾ ਦਿਨ ਰਾਤ 10 ਵਜੇ ਤੱਕ ਕੀਰਤਨ, ਕਥਾ, ਢਾਡੀ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਗੁਰਬਾਣੀ ਗੁਰ ਇਤੀਹਾਸ ਨਾਲ ਜੋੜਣਗੇ

ਨਿਸ਼ਾਨ ਸਾਹਿਬ ਸੇਵਾ: 23 ਨਵੰਬਰ, 2018
ਨਵੰਬਰ 21 ਤੋਂ 23 ਨਵੰਬਰ ਤੱਕ ਦੇ ਸਾਰੇ ਪ੍ਰੋਗਰਾਮ ਟੀ ਵੀ ਚੈਨਲ PTN 24 ਤੇ ਦਿਖਾਏ ਜਾਣਗੇ ਅਤੇ ਇੰਡੀਆ ਵਿਚ ਚੜਦੀ ਕਲਾ ਅਤੇ ਹੋਰ ਕਈ ਚੈਨਲਾਂ ਤੇ ਵੀ ਲਾਈਵ ਦਿਖਾਇਆ ਜਾਵੇਗਾ
ਗੁਰੂ ਘਰ ਦੀ ਇਮਾਰਤ ਨੂੰ ਸੁੰਦਰ ਅਤੇ ਉੱਚੇ ਪਾਏਦਾਰ ਦੀ ਬਣਾਉਣ ਲਈ ਭਾਰੀ ਪੱਧਰ ਤੇ ਸੇਵਾ ਚੱਲ ਰਹੀ ਹੈ, ਮਾਇਆ ਰਾਹੀਂ ਸੇਵਾ ਕਰਕੇ, ਆਪਣੀ ਕਿਰਤ ਨੂੰ ਸਫਲਾ ਕਰੋ ਜੀ

ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ, 9 ਕੈਰੀਅਰ ਡਰਾਈਵ, ਫੋਨ: 416.746.6666



# Happy Gurpurab

ਸਿੱਖ ਧਰਮ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਲੁਕਾਈ ਨੂੰ ਬਹੁਤ ਬਹੁਤ ਵਧਾਈਆਂ

# DEOL & NAGPAL LAW FIRM LLP

Barristers & Solicitors



Birdavinder Singh Deol

## Services

Criminal Defence / Family Law / Real Estate
Closing Immigration Appeals / Civil Litigation

TEL: 905-796-0911

80 Maritime Ontario Blvd, Suite 55, Brampton, Ontario, L6S 0E7



Amanpreet Singh Nagpal

# ਕਲਿ ਤਾਰਣ ਗੁਰੂ ਨਾਨਕ ਆਇਆ



ਕਰਨੈਲ ਸਿੰਘ ਟੋਰਾਂਟੋ

ਦੋਹਰਾ।। ਤਿੰਨ ਬੇਦੀਯਨ ਕੀ ਕੁਲ ਬਿਖੇ ਪ੍ਰਗਟ ਨਾਨਕ ਰਾਇ।।
ਸਭ ਸਿਖਨ ਕੋ ਸੁਖ ਦਏ ਜਹ ਤਹ
ਸੰਮਤ ਕੱਤਕ ਸੁਦੀ ਪੂਰਨਮਾਸ਼ੀ ਪਿਤਾ ਕਾਲੂ ਮਹਿਤਾ, ਮਾਤਾ ਤ੍ਰਿਪਤਾ, ਰਾਇ ਭੁਇ ਦੀ ਤਲਵੰਡੀ ਵਿਚ ਅਵਤਾਰ ਧਾਰਿਆ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ।

ਤਥਾ: ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਾਉ।। (ਪੰਨਾ 1395)

ਜਿਸ ਵੇਲੇ ਧਰਤੀ ਉਤੇ ਪਾਪ ਕਰਮ ਅੱਤਿਆਚਾਰ ਵਧ ਜਾਂਦੇ ਹਨ ਤਾਂ ਆਪ ਹੀ ਪ੍ਰਭੂ ਅਵਤਾਰ ਧਾਰਦਾ ਹੈ। ਚੋਪਈ।।
ਜਬ ਜਬ ਹੋਤ ਅਰਿਸ਼ਟ ਆਪਾਰਾ।।
ਤਬ ਤਬ ਦੇਹ ਧਰਤ ਅਵਤਾਰਾ।।
(ਦਸਮ ਗ੍ਰੰਥ ਪੰਨਾ 155)

ਤਥਾ: ਭਹੇ ਬੇਅਦਲੀ ਪਾਤਿਸ਼ਾਹ, ਕਲਿ ਕਾਤੀ ਉਪਰਾਵ ਕਾਸਾਈ।
ਦੋਹਰਾ।। ਭਯੋ ਭਾਰ ਧਰ ਪਰ ਅਧਿਕ, ਭਗਤਿ ਨਹਿ ਜਗਤ ਮੇ, ਬਿਕਲ ਭਈ ਭਯ ਭੀਰ।।15।।
(ਨਾਨਕ ਪ੍ਰਕਾਸ਼ ਪੁਰਬਾਰਧ ਧਿਆਏ 3)

ਭਰਮ ਪਾਪ ਤੋ ਭੂਮ ਡਰਾਨੀ।।
ਡਗਮਗਾਤ ਬਿਧ ਤੀਰ ਸਿਧਾਨੀ।।
ਚੋਪਈ।। ਬ੍ਰਹਮਾਂ ਗਯੋ ਵੀਰ ਨਿਧ ਜਹਾਂ।। ਕਾਲ ਪੁਰਖ ਇਸਥਿਤ ਥੇ ਤਹਾਂ।।
(ਦਸਮ ਗ੍ਰੰਥ)

ਰਾਗ ਮਲਾਰ ਮ: 3।। ਕਲ ਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ।।
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਿਜ ਸੁਭਾਇ।। (ਪੰਨਾ 1281)

ਭਾਵ: ਧਰਤੀ ਪਾਪਾਂ ਕਰਕੇ ਵਿਆਕੁਲ ਹੋਈ ਤਾਂ ਬ੍ਰਹਮਾ ਪਾਸ ਰੋਈ। ਬ੍ਰਹਮਾਜੀ ਨੇ ਕਿਹਾ ਧਰਤੀ ਨੂੰ ਚੱਲ ਆਪਾਂ ਦੋਵੇ ਭਗਵਾਨ ਪਾਸ ਚੱਲਦੇ ਹਾਂ ਖੀਰ ਸਮੁੰਦਰ ਉਤੇ ਭਗਵਾਨ ਪਾਸ ਬ੍ਰਹਮਾ ਨੇ ਬੇਨਤੀ ਕੀਤੀ ਕਿ ਹੇ ਪ੍ਰਭੂ ਜੀ ਧਰਤੀ ਪਾਪਾਂ ਕਰਕੇ ਦੁਖੀ ਹੋਈ ਹੈ। ਇਸ ਦੀ ਪੁਕਾਰ ਸੁਣੋ। ਪ੍ਰਭੂ ਨੇ ਕੰਨ ਦੇ ਕੇ ਸੁਣਿਆ ਸੁੱਤੇ ਸਿਧ ਧੀਰਜ ਦਿੱਤਾ। ਹੇ ਧਰਤੀਏ ਤੂੰ ਫਿਕਰ ਨਾ ਕਰ ਮੈ ਆਪ ਹੀ ਅਵਤਾਰ ਧਾਰ ਕੇ ਆਵਾਂਗਾ। ਅਵਤਾਰ ਧਾਰ ਕੇ ਸਿਮਰਨ ਕਰਵਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਕਰਾਂਗਾ।

ਯਥਾ: ਸੁਣੀ ਪੁਕਾਰਿ ਦਾਤਾਰ ਪ੍ਰਭੂ, ਗੁਰ ਨਾਨਕ ਜਗ ਮਾਹਿ ਪਠਾਇਆ।। (ਭਾ.ਗੁ. ਸ. ਵਾਰ 1 ਪਾਉੜੀ 23)

ਗੁਰੂ ਨਾਨਕ ਦੇਵ ਜੀ ਹਰ ਸਮੇ ਸਿਮਰਨ ਕਰਦੇ ਸਨ। ਕਿਸੇ ਘਰ ਦੇ ਦੁਨਿਆਵੀ ਕੰਮਾਂ ਵਿਚ ਧਿਆਨ ਨਹੀ ਦਿੰਦੇ ਸਨ। ਪਿਤਾ ਕਾਲੂ ਮਹਿਤਾ ਜੀ ਨੇ ਸੋਚਿਆ ਕਿ ਇਨ੍ਹਾਂ ਨੂੰ ਕਿਸੇ ਕੰਮ ਵਿਚ ਪਾਈਏ ਅਤੇ ਕਿਹਾ ਜੇ ਤੇਰਾ ਮੱਝਾਂ ਚਾਰਨ ਨੂੰ ਦਿਲ ਕਰਦਾ ਹੈ ਤਾਂ ਖੇਤੀ ਬੀਜਣ ਦਾ ਕੰਮ ਕਰ ਲੈ। ਸਤਿਗੁਰੂ ਜੀ ਨੇ ਉਤਰ ਦਿੱਤਾ ਅਸੀ ਤਾਂ ਅੱਗੇ ਹੀ ਕਰਦੇ ਹਾਂ। ਪਿਤਾ ਜੀ ਨੇ ਕਿਹਾ, ਕਿਹੜੀ ਖੇਤੀ?

ਸੋਰਠਿ ਮ: 1।। ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।। (ਪੰਨਾ 595)

ਭਾਵ: ਤਨ ਮਨ ਕਰਕੇ ਸਰੀਰ ਘਰ ਵਿਚ ਨਾਮੁ ਬੀਜਦੇ ਹਾਂ। ਇਕ ਦਿਨ ਮਹਿਤਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਵੀਹ ਰੁਪਏ ਦਿੱਤੇ ਤੇ ਕਿਹਾ ਕਿ ਕੋਈ ਸੱਚਾ ਸੌਦਾ ਕਰਕੇ ਆਓ। ਨਾਲ ਬਾਲਾ ਸੰਧੂ ਨੂੰ ਭੇਜਿਆ ਗਿਆ। ਗੁਰੂ ਜੀ ਬਾਲੇ ਨੂੰ ਲੈ ਕੇ ਲਾਹੌਰ ਵੱਲ ਲਾਭਵੰਦਾ ਸੌਦਾ ਕਰਨ ਤੁਰ ਪਏ। ਪੰਡ ਚੂਹੜਕਾਣੇ ਦੇ ਬਾਹਰ ਜੰਗਲ ਵਿਚ ਇਕ ਸੰਤ ਮੰਡਲੀ ਮਿਲੀ। ਆਪ ਜੀ ਨੇ ਇਹ ਦੇਖਕੇ ਕਿ ਸੰਤ ਜੰਗਲ ਵਿਚ ਹੀ ਬੈਠੇ ਹਨ ਤੇ ਇਨ੍ਹਾਂ ਕੋਲ ਕੋਈ ਭੋਜਣ ਦਾ ਪ੍ਰਬੰਧ ਨਹੀ ਹੈ। ਭਾਈ ਬਾਲੇ ਹੱਥੋ ਉਨ੍ਹਾਂ ਵੀਹ ਰੁਪਇਆਂ ਦੀ ਰਸਦ ਮੰਗਵਾ ਕੇ ਉਨ੍ਹਾਂ ਸੰਤਾਂ ਨੂੰ ਭੋਜਨ ਛਕਾ ਦਿੱਤਾ ਤੇ ਬਾਲੇ ਨੂੰ ਕਿਹਾ ਕਿ ਇਸ ਨਾਲੋ ਹੋਰ ਕੋਈ ਸੱਚਾ ਸੌਦਾ ਨਹੀ ਹੈ। ਇਸ ਦਾ ਲਾਭ ਬਹੁਤ ਹੋਵੇਗਾ।

ਤਥਾ: ਅਵਰਿ ਕਰਮ ਸਭਿ ਲੋਕਾਚਾਰ।।
ਮਿਲਿ ਸਾਧੂ ਸੰਗਿ ਹੋਇ ਉਧਾਰ।।2।।
(ਪੰਨਾ 804)

ਭਾਵ: ਹੋਰ ਸਾਰੇ ਕਰਮ ਲੋਕ ਦਿਖਾਵੇ ਦੀ ਭਗਤੀ ਹੈ। ਪੂਰਨ ਸਾਧੂ ਨਾਲ ਮਿਲ ਕੇ ਨਾਮ ਜਪ ਕੇ ਉਧਾਰ ਹੋਵੇਗਾ। ਜਮਾਂ ਦੀ ਫ਼ਾਂਸੀ ਤੋ ਬਚੇਗਾ। ਸਾਧੂ ਆਪ ਨਾਮ ਜਪਦੇ ਹਨ, ਦੂਸਰਿਆਂ ਨੂੰ ਜਪਾਉਦੇ ਹਨ। ਮਲਾਰ: 4।। ਬ੍ਰਹਮੁ ਬਿੰਦੇ ਸੋ ਸਤਿਗੁਰੂ ਕਹੀਐ ਹਰਿ ਹਰਿ ਕਥਾ ਸੁਣਾਵੈ।

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।।4।। (ਪੰਨਾ 1264)

ਅਰਥ; ਜੋ ਬ੍ਰਹਮ ਨੂੰ ਬਿੰਦੇ ਜਾਣਕਾ ਹੈ, ਭਾਵ ਬ੍ਰਹਮ ਨੇਸ਼ਟੀ ਹੈ, ਨੇ ਇਹੋ ਜਿਹੇ ਬ੍ਰਹਮ ਨੇਸ਼ਟੀ, ਆਤਮਦ੍ਰਸ਼ੀ ਨਾਮ ਦੇ ਰਸੀਏ ਸਾਧੂਆਂ ਨੂੰ ਭੋਜਨ ਛਕਾਇਆ ਸੀ।

ਤਥਾ: ਸਾਗਰ ਮਹਲਾ 5।। ਹਰਿ ਜਨ ਰਾਮਿ ਰਾਮਿ ਰਾਮ ਧਿਆਂਏ।।
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ।।1।। (1208)
ਸਾਗਰ ਮਹਲਾ 5।। ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ।।

ਅਰਥ: ਭੂਤ, ਭਵਿਸ਼, ਵਰਤਮਾਨ, ਤਿੰਨਾਂ ਸਮਿਆਂ ਵਿਚ ਹਰੀ ਸੱਤ ਹੈ ਤੇ ਹਰੀ ਦੇ ਸੰਤ ਭੀ ਤਿੰਨਾਂ ਕਾਲਾਂ ਵਿਚ ਸੱਤ ਹਨ।

ਰਾਜ ਬਿਨਾਸੀ ਤਾਮ ਬਿਨਾਸੀ, ਸਾਤਕੁ ਭੀ ਬੇਨਾਧਾ।।
ਦ੍ਰਿਸ਼ਟੀ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ।।3।। ਪੰਨਾ 1204

ਅਰਥ: ਰਜੋ ਗੁਣ, ਤਮੋ ਗੁਣ, ਸਤੋ ਗੁਣ, ਇਹ ਤਿੰਨ ਗੁਣ ਮਾਇਆ ਦੇ ਹਨ। ਮਹਾਂ ਪਰਲੋ ਵੇਲੇ ਨਾਸ ਹੋ ਜਾਣਗੇ। ਜੋ ਕੁਛ ਵੀ ਦੇਖਣ ਵਿਚ ਆਉਦਾ ਹੈ, ਸਭ ਨਾਸ ਹੋ ਜਾਵੇਗਾ। ਇਕ ਸਾਧੂ ਦਾ ਦਿੱਤਾ ਬਚਨ ਅਗਾਧਾ ਹੈ। ਹਰੀ, ਸਾਧੂ ਤੇ ਸਾਧੂ ਦਾ ਬਚਨ ਨਾਸ ਨਹੀ ਹੁੰਦਾ।

ਜਿਸ ਵੇਲੇ ਸੱਜਣ ਠੱਗ ਨੇ ਮਰਦਾਨੇ ਨੂੰ ਹੱਥ ਪੈਰ ਬੰਨ੍ਹ ਕੇ ਅੰਦਰ ਡੱਕ ਦਿੱਤਾ ਸੀ ਤਾਂ ਸਤਿਗੁਰਾਂ ਨੇ ਬਾਲੇ ਸੰਧੂ ਨੂੰ ਕਿਹਾ, ਹੇ ਬਾਲਾ ਆਪਣਾ ਮਰਦਾਨਾ ਤਾਂ ਕਿਸੇ ਠੱਗ ਕੋਲ ਫਸ ਗਿਆ ਹੈ, ਚਲੋ ਛਡਾਈਏ। ਬਾਲੇ ਨੇ ਕਿਹਾ ਜੀ ਆਪ ਜੀ ਦਾ ਬਚਨ ਤਾਂ ਮੰਨਦਾ ਨਹੀ ਹੁਣ ਨਾ ਛੁਡਾਓ। ਸਤਿਗੁਰਾਂ ਨੇ ਕਿਹਾ ਬਾਲਾ ਨਾਲ ਲਿਆਂਦੇ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸੱਜਣ ਠੱਗ ਨੂੰ ਦੇਖਿਆ ਜਾਵੇ ਚਿੱਟੇ ਬਸਤਰ ਪਾ ਕੇ ਚੰਗਾ ਸੁੰਦਰ ਮੰਜਾ ਡਾਹ ਕੇ ਠਾਠ-ਬਾਠ ਨਾਲ ਬੈਠਾ ਸੀ। ਸਤਿਗੁਰਾਂ ਨੇ ਕਿਹਾ ਕਿ ਸਾਡਾ ਮਰਦਾਨਾ ਆਇਆ ਹੈ ਤੇਰੇ ਪਾਸ। ਕਹਿੰਦਾ ਇਥੇ ਕੋਈ ਮਰਦਾਨਾ ਨਹੀਂ ਆਇਆ। ਸਤਿਗੁਰਾਂ ਨੇ ਕਿਹਾ ਮਰਦਾਨਾ ਬਾਹਰ ਆ। ਉਸੇ ਸਮੇ ਜਿੰਦੇ ਖੁੱਲ ਗਏ ਮਰਦਾਨਾ ਰੋਦਾ ਕੁਰਲਾਉਦਾ ਚਰਨਾ ਉਤੇ ਡਿੱਗ ਪਿਆ। ਸੱਜਣ ਅਸਚਰਜ ਹੋ ਗਿਆ ਕਿ ਕੈਸੇ ਉਤਮ ਪੁਰਖ ਆਏ ਹਨ।

ਸੂਹੀ ਮਹਲਾ 1।। ਸਜਣ ਸੇਈ ਨਾਲਿ ਮੈ ਚਲਦਿਆਂ ਨਾਲਿ ਚਲੰਨਿ।।
ਜਿਥੈ ਲੇਖਾ ਮੰਗਿਐ ਤਿਥੈ ਖੜ੍ਹੇ ਦਿਸੰਨਿ।।

ਅਰਥ; ਹੇ ਸਜਣਹ ਤੇਰੇ ਨਾਲ ਦੇ ਅਸਲੀ ਸਜਣ ਉਹੀ ਹਨ, ਜੋ ਜਮਾਂ ਦੇ ਮਾਰਗ ਵਿਚ ਤੇਰੀ ਮੱਦਦ ਕਰਨ। ਜਿਥੇ ਪ੍ਰਲੋਕ ਵਿਚ ਤੇਰੇ ਤੋ ਲੇਖਾ ਮੰਗਿਆ ਜਾਣਾ ਹੈ। ਉਥੇ ਤੇਰੇ ਬਰਾਬਰ ਖੜਕੇ ਨਰਕਾਂ ਤੋ ਬਚਾਉਦੇ ਹਨ।

ਕੋਠੇ ਮੰਡ ਮਾੜੀਆਂ ਪਾਸਹੁ ਚਿਤਵੀਆਹਾ।।
ਢਠੀਆਂ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ।।2।। ਪੰਨਾ 729

ਅਰਥ; ਸਜਣਾ ਇਹ ਜਿਹੜੇ ਮੰਡਪ ਬਿਲਡਿੰਗਾਂ ਉਸਾਰੀਆਂ ਹਨ, ਇਨ੍ਹਾਂ ਵਿਚ ਜੇ ਭਜਨੀਕ ਸੰਤ ਨਹੀ ਹੈ। ਇਹ ਢੱਠੀਆਂ ਦੇ ਸਮਾਨ ਹਨ, ਭਾਵੇ ਤੈ ਬਾਹਰੋ ਚਿਤਰਕਾਰੀਆਂ ਕੀਤੀਆਂ ਹਨ ਪਰ ਨਾਮ ਤੋ ਬਿਨਾਂ ਦਇਆ ਧਰਮ ਤੋ ਬਿਨਾਂ ਵਿਚੋ ਸੱਖਣੀਆਂ ਹਨ। ਸਜਣ ਨੇ ਮੁਆਫ਼ੀ ਮੰਗੀ। ਸੱਜੇ ਸਤਿਗੁਰ ਜੀ ਦੇ ਚਰਨਾਂ ਵਿਚ ਮਸਤਕ ਰੱਖ ਦਿੱਤਾ। ਸਤਿਗੁਰਾਂ ਨੇ ਪਾਪ ਕਰਮਾਂ ਤੋ ਰੋਕ ਕੇ ਧਰਮ ਕਰਮ ਦ੍ਰਿੜ ਕਰਵਾਇਆ। ਸੱਜਣ ਪੂਰਨ ਸਾਧੂ ਬਣ ਗਿਆ, ਅਸੀ ਵੀ ਬਿਲਡਿੰਗਾਂ ਦਾ ਧਿਆਨ ਰੱਖਦੇ ਹਾਂ। ਨਾਮੁ ਦੀ ਅਤੇ ਸੱਚ ਬੋਲਣ ਦੀ ਤਾਂ ਦੂਰ ਦੀ ਗੱਲ ਹੋ ਕੇ ਰਹਿ ਗਈ। ਧਰਮ ਦੀ ਗੱਲ ਘੱਟ ਤੇ ਸਿਆਸਤ ਤੇ ਪੂਰਾ ਜ਼ੋਰ ਲੱਗਾ ਹੈ। ਇੰਡੀਆ ਵਿਚ ਤੇ ਬਾਹਰਲੇ ਦੇਸ਼ਾਂ ਵਿਚ ਵੀ ਅਸੀ ਸਾਰੀਆਂ ਅਲਾਮਤਾਂ ਸਾਰੇ ਪਾਪ ਕਰਮ ਲੈ ਕੇ ਆਏ ਹਾਂ। ਜਿਹੜੇ ਗੁਰਦੁਆਰਿਆਂ ਵਿਚ ਕਬਜ਼ਿਆਂ ਦੇ ਝਗੜੇ ਨਹੀ ਮੁੱਕਦੇ, ਉਥੇ ਸ਼ਾਂਤੀ ਨਹੀ ਅਸ਼ਾਂਤੀ ਹੀ ਮਿਲੇਗੀ। ਆਓ ਆਪਾਂ ਸਤਿਗੁਰੂ ਅਰਜਨ ਦੇਵ ਜੀ ਦਾ ਹੁਕਮ ਸੁਣਦੇ ਹਾਂ।

ਸੂਹੀ ਮਹਲਾ 5।। ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।।
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ।। ਰਹਾਉ।। (ਪੰਨਾ 745)

ਅਰਥ: ਉਹ ਛੱਪਰੀ ਸੋਹਣੀ ਹੈ, ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ। ਉਹ ਪੱਕੇ ਧੋਲਹਰ ਮੰਦਰ ਕਿਸੇ ਕੰਮ ਨਹੀਂ, ਜਿਨ੍ਹਾਂ ਮੰਦਰਾਂ ਵਿਚ ਵਸਣ ਨਾਲ ਹਰੀ ਭੁੱਲ ਜਾਵੇ, ਜੇਕਰ ਇਕ ਪਾਸੇ ਨਾਮ ਦੀ ਮਹਿਮਾ ਵੀ ਚੱਲਦੀ ਹੈ, ਦੂਜੇ ਪਾਸੇ ਬਿਲਡਿੰਗ ਉਤੇ ਕਬਜ਼ੇ ਦੇ ਦਾਅ ਪੇਚ ਚੱਲਦੇ ਹੋਣ, ਸ਼ਾਂਤੀ ਨਹੀ ਮਿਲੇਗੀ।

ਸੁਖਮਨੀ ਮ:5।। ਮਨੁ ਬੇਚੈ ਸਤਿਗੁਰ ਕੈ ਪਾਸਿ।। ਤਿਸੁ ਸੇਵਕ ਕੇ ਕਾਰਜ ਰਾਸਿ।।
ਸੇਵਾ ਕਰਤ ਹੋਇ ਨਿਹਕਾਮੀ।।
ਤਿਸੁ ਕਉ ਹੋਤ ਪਰਾਪਤਿ ਸੁਆਮੀ।। (ਪੰਨਾ 286)

ਅਰਕ; ਜੋ ਆਪਣੇ ਮਨ ਨੂੰ ਸਤਿਗੁਰਾਂ ਪਾਸ ਵੇਚ ਦਿੰਦਾ ਹੈ, ਪ੍ਰਭੂ ਉਸ ਸੇਵਕ ਦੇ ਸਭ ਕਾਰਜ ਰਾਸਿ ਕਰ ਦਿੰਦਾ ਹੈ। ਜੋ ਸੇਵਾ ਨਿਸ਼ਕਾਮ ਕਾਮਨਾ ਤੋ ਬਿਨਾਂ ਕਰਦਾ ਹੈ, ਉਸ ਨੂੰ ਸੁਆਮੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਛੱਡਣ ਸਮੇ ਹੀਰੇ, ਮੋਤੀ, ਜਵਾਹਾਰਾਤ, ਨਕਦੀ ਸਤਲੁੰਜ ਦਰਿਆ ਵਿਚ ਪੰਡਾਂ ਬੰਨ੍ਹ ਕੇ ਆਪ ਪਾਸ ਖੜ੍ਹਕੇ ਸੁਟਵਾਏ ਸਨ।



ਅਠਾਰਾਂ ਕਰੋੜ ਕੀਮਤ ਦਾ ਸੀ, ਮਾਤਾ ਜੀ ਕਹਿਣ ਲੱਗੇ ਏਥੇ ਕਿਉ ਰੋੜਦੇ ਹੋ ਕਰੋੜਾਂ ਰੁਪਇਆਂ ਦਾ ਮਾਲ, ਸਿੰਘਾਂ ਨੂੰ ਦੇ ਦਿਓ, ਆਪਣੇ ਪਰਿਵਾਰ ਨੂੰ ਖਵਾਉਣਗੇ ਤੇ ਖੁਸ਼ ਹੋ ਕੇ ਵੈਰੀਆਂ ਨਾਲ ਜੰਗ-:ਯੁੱਧ ਕਰਨਗੇ। ਗੁਰੂ ਜੀ ਕਿਹਾ ਮਾਤਾ ਜੀ ਤੁਸੀ ਮੈਨੂੰ ਦੋ ਰੋਟੀਆਂ ਵਿਚ ਮੋਹਰਾਂ ਪਾ ਕੇ ਦੇ ਦਿਓ। ਮਾਤਾ ਕਿਹਾ ਐਸਾ ਨਹੀ ਹੋ ਸਕਦਾ ਕਿਸੇ ਮਾਂ ਪਾਸੋ, ਸਤਿਗੁਰਾਂ ਨੇ ਕਿਹਾ ਮੈ ਵੀ ਆਪਣੇ ਪੁਤਰਾਂ ਖਾਲਸੇ ਨੂੰ ਜ਼ਹਿਰ ਨਹੀ ਦੇ ਸਕਦਾ ਤੇ ਇਨ੍ਹਾਂ ਨੂੰ ਛਤਰੀ ਬਣਾਇਆ ਹੈ, ਹੁਣ ਪੂਜਾ ਦਾ ਧਨ ਖਵਾਕੇ ਦਲਿਦਰੀ ਕਿਵੇ ਬਣਾਵਾਂ? ਮਾਤਾ ਜੀ ਬਿਨਾਂ ਸੇਵਾ ਦੇ ਹਿ ਧਨ ਨਹੀ ਪਚੇਗਾ, ਸੇਵਾ ਕਰਦੇ ਸੀ ਲੰਗਰ ਪਾਣੀ ਦੀ ਲੰਗਰ ਪਾਣੀ ਦੀ ਤੇ ਜੰਗ-ਯੁੱਧ ਲੜਦੇ ਸੀ ਤਾਂ ਖਾਂਦੇ ਸੀ। ਘਰੀ ਜਾ ਕੇ ਬਿਨਾਂ ਸੇਵਾ ਜ਼ਹਿਰ ਮੋਹਰਾ ਰੋਗੀ ਮਾਰੇਗਾ। ਜ਼ਰਾ ਸੋਚੋ ਜੀ।

ਸਲੋਕ।। ਮਤਿ ਪੂਰੀ ਪਰਧਾਨ ਤੇ ਗੁਰੂ ਪੂਰੇ ਮਨ ਮੰਤ।।
ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ।।1।। (ਪੰਨਾ 259)

ਅਰਥ: ਜਿਨ੍ਹਾਂ ਨੇ ਪੂਰੇ ਗੁਰਾਂ ਦਾ ਮੰਤਰ ਮਨ ਵਿਚ ਧਾਰਿਆ ਹੈ, ਉਹ ਪੂਰੀ ਮੱਤ ਵਾਲਾ ਹੈ। ਉਹ ਪੂਰੀ ਮੱਤ ਵਾਲਾ ਸਾਰਿਆਂ ਵਿਚੋ ਪ੍ਰਧਾਨ ਹੈ। ਕੱਚੀਆਂ ਪ੍ਰਧਾਨਗੀਆਂ ਵਿਚ ਉਮਰਾਂ ਨਾ ਗਵਾਓ। ਪੱਕੀ ਪ੍ਰਧਾਨਗੀ ਲਈ ਉਦਮ ਕਰੋ। ਜਿਨ੍ਹਾਂ ਨੇ ਆਪਣਾ ਪ੍ਰਭੂ ਪ੍ਰਮਾਤਮਾ ਜਾਣਿਆ ਹੈ, ਉਹ ਭਗਵੰਤ ਦਾ ਸਰੂਪ ਹੋ ਜਾਂਦੇ ਹਨ।।1।। ਦੋਵਾਂ ਲੋਕਾਂ ਦੇ ਸੁੱਖ ਮਿਲਦੇ ਹਨ।

ਮ: 3।। ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ।।
ਜਮ ਪੁਰਿਬ ਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ।। (ਪੰਨਾ 586)

ਅਰਥ: ਜਿਨ੍ਹਾਂ ਨੇ ਸਤਿਗੁਰਾਂ ਦਾ ਭਉ ਧਾਰਨਾ ਛੱਡ ਦਿੱਤਾ ਹੈ। ਉਨ੍ਹਾਂ ਮਨ ਹਠੀਆ ਦਾ ਕੋਈ ਕੰਮ ਰਾਸ ਨਹੀ ਆਉਦਾ। ਉਹ ਜਮਪੁਰੀ ਵਿਚ ਬੱਧੇ ਹੋਏ ਜਾਂਦੇ ਹਨ, ਕਿਤੇ ਪੁਕਾਰ ਨਹੀ ਸੁਣੀਦੀ। ਗੁਰੂ ਪਿਆਰੀ ਸਾਧ ਸੰਗਤਿ ਜੀਓ ਆਪ ਵਡਭਾਗੇ ਹੋ ਜੋ ਸ੍ਰੀ ਗੁਰੂ ਲਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋ, ਪਰ ਹੁਕਮ ਮੰਨਕੇ ਪ੍ਰਾਪਤੀ ਹੁੰਦੀ ਹੈ। ਉਤੇ ਲਿਖੇ ਗੁਰੂ ਕੇ ਉਪਦੇਸ਼ ਨੂੰ ਗ੍ਰਹਿਣ ਕੀਤੇ ਬਿਨਾਂ ਪੂਰਨ ਪ੍ਰਾਪਤੀ ਨਹੀ ਹੁੰਦੀ। ਹੁਕਮ ਮੰਨੋ ਤੁਹਾਡੇ ਗੁਰਪੁਰਬ ਮਨਾਏ ਸਫ਼ਲ ਹੋਣਗੇ।

ਮਹਲਾ 4।। ਸੇਵਕ ਸਿੱਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਉਤਮਨਬਾਨੀ।।
ਗਾਵਿਆ ਸੁਣਿਆ ਤਿਨਕਾ, ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।।1।। (ਪੰਨਾ 669)









ਸਤਿਗੁਰ ਨਾਨਕ ਪ੍ਰਗਿਆ ਮਿਟੀ ਧੁੰਦ ਜਗੁ
ਚਾਨਣੁ ਹੋਆ ਜਿਉ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ

Happy Gurpurab

RESIDENTIAL/ COMMERCIAL PROPERTY

Jasvir Dhaliwal
Sales person
416-677-1111

Gurpreet Dhaliwal
Sales person
416-409-9594

Bus : 905.488.2100 Ext. 283 & 276 Fax : 905.488.2101
80 Maritime Ontario Blvd, #246, Brampton, ON



Gurpreet Dhaliwal

#1 CHOOSE C21

I CHOOSE UNRIVALED LEADERSHIP



Jasvir Dhaliwal



ਕਿਰਤ ਕਰੋ,
ਵੰਡ ਛਕੋ
ਤੇ ਨਾਮ ਜਪੋ

ਆਪ ਜੀ ਨੂੰ ਗੁਰਪੂਰਬ
ਦੇ ਇਸ ਪਾਵਨ ਦਿਹਾੜੇ
ਦੀ ਲੱਖ-ਲੱਖ ਵਧਾਈ ਹੋਵੇ

# JAP JI LAWYERS PC

BARRISTERS, SOLICITORS & NOTARY PUBLICS

- Real Estate (Residential & Commercial)
- Mortgage Closing
- Power Of Attorney
- Wills

Tel: 416-679-8300 | Fax: 416-679-8388
Email: info@japjilaw.com | Website: www.japjilaw.com

19A-7001 Steeles Ave. West Toronto, ON. M9W 0A2


ਆਪ ਜੀ ਨੂੰ ਗੁਰਪੁਰਬ ਦੇ ਇਸ
ਪਾਵਨ ਦਿਹਾੜੇ ਦੀ ਲੱਖ-ਲੱਖ
ਵਧਾਈ ਹੋਵੇ ਜੀ।
ONTARIOPC
PRABMEET SARKARIA
MPP Brampton South
AMARJOT SANDHU
MPP Brampton West


Celebrating
550
years on the
Parkash
Utsav of
Guru Nanak Dev Ji
Happy
GURPURAB
from
RUBY SAHOTA
CONSTITUENCY OFFICE:
50 Sunny Meadow Blvd., Unit 306-307
Brampton, ON L6R 0Y7
(905) 840.0505
Ruby.Sahota@parl.gc.ca
@MPRubySahota
@MPRubySahota
@MP.RubySahota
www.RubySahotaMP.ca


Happy Gurpurab
MAJHA MALWA DOABA
Gurpurab Sale!
15% OFF
Brass Murtis, Mandirs, Copper Statues
10% OFF
Gurpurab Items: Diyas, Thomas & Decorations
10% OFF
Lakshmi & Ganesh
CUSTOM FRAMING
EXCLUSIVE GIFTS FOR ALL OCCASIONS
WE CARRY A
LARGE VARIETY
OF FANCY &
DESIGNER
DIYAS
WEDDING
DECOR
AVAILABLE
FOR RENTAL
For All Your Wedding And Decor Needs
(905)791-1515 (905)799-9400
Like Us On
30 Melanie Drive, Unit 10, Brampton, ON. L6T 4L4
rishi_643@rogers.com www.pujahut.com
Find Us On
YouTube